# ਪੰਜਾਬੀ ਪੁਸਤਕ-3

W8D4V8

ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

ਐਡੀਸ਼ਨ : 2021 .................... 23,900 ਕਾਪੀਆਂ

All rights, including those of translation, reproduction
and annotation etc., are reserved by the
Punjab Government

**ਚਿਤਾਵਨੀ**

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ 'ਤੇ ਜਿਲਦਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ / ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਖੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ-ਪ੍ਰਨਾਲ਼ੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

   (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲੇ ਕਾਗਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

ਮੁੱਲ : ₹ 46

**ਸਕੱਤਰ,** ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਮੈਸ. ਐਚ.ਟੀ. ਮੀਡੀਆ ਲਿ., ਗ੍ਰੇਟਰ ਨੋਇਡਾ ਦੁਆਰਾ ਛਾਪੀ ਗਈ।

# ਦੋ ਸ਼ਬਦ

ਪੰਜਾਬ ਦੀ ਰਾਜ-ਭਾਸ਼ਾ ਹੋਣ ਸਦਕਾ ਪੰਜਾਬੀ ਨੂੰ ਰਾਜ ਦੇ ਸਕੂਲ ਸਿੱਖਿਆ-ਕ੍ਰਮ ਵਿੱਚ ਇੱਕ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਮੁੱਢ ਤੋਂ ਹੀ ਇਸ ਦੇ ਵਿਕਾਸ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਰਹੇ ਹਨ। ਇਸ ਸਿਲਸਿਲੇ ਵਿੱਚ ਬੋਰਡ ਦੁਆਰਾ ਰਾਜ ਦੇ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਸਮੇ-ਸਮੇਂ 'ਤੇ ਪਾਠ-ਕ੍ਰਮਾਂ ਅਤੇ ਪਾਠ-ਪੁਸਤਕਾਂ ਨੂੰ ਨਵਿਆਇਆ ਜਾਂਦਾ ਹੈ।

ਹਥਲੀ ਪਾਠ-ਪੁਸਤਕ ਤੀਜੀ ਸ਼੍ਰੇਣੀ (ਪਹਿਲੀ-ਭਾਸ਼ਾ) ਦੇ ਵਿਦਿਆਰਥੀਆਂ ਲਈ ਐੱਨ. ਸੀ. ਐੱਫ਼. 2005 ਅਤੇ ਪੀ. ਸੀ. ਐੱਫ਼ 2013 ਦੀਆਂ ਸਿਫ਼ਾਰਸ਼ਾਂ ਨੂੰ ਮੱਦੇਨਜ਼ਰ ਰੱਖਦਿਆਂ ਤਿਆਰ ਕੀਤੀ ਗਈ ਹੈ। ਇਸ ਪੁਸਤਕ ਨੂੰ ਤਿਆਰ ਕਰਦੇ ਸਮੇਂ ਛੋਟੇ ਬੱਚਿਆਂ ਦੀਆਂ ਰੁਚੀਆਂ ਦਾ ਪੂਰਾ ਧਿਆਨ ਰੱਖਿਆ ਗਿਆ ਹੈ। ਇਸ ਲਈ ਇਸ ਪੁਸਤਕ ਵਿੱਚ ਕਵਿਤਾਵਾਂ,ਕਹਾਣੀਆਂ,ਲੇਖ ਅਤੇ ਵਾਰਤਾਲਾਪ ਵਾਲ਼ੇ ਪਾਠ ਸ਼ਾਮਲ ਕਰਕੇ ਸੁੰਦਰ ਚਿੱਤਰਾਂ ਰਾਹੀਂ ਇਸ ਨੂੰ ਮਨਮੋਹਣਾ ਬਣਾਉਣ ਦਾ ਯਤਨ ਕੀਤਾ ਗਿਆ ਹੈ। ਬੱਚਿਆਂ ਦੀ ਸਹੂਲਤ ਲਈ ਇਸ ਪੁਸਤਕ ਦੇ ਪਾਠ-ਅਭਿਆਸਾਂ ਨੂੰ ਹੱਲ ਕਰਨ ਲਈ ਸਥਾਨ ਦਿੱਤਾ ਗਿਆ ਹੈ।

ਇਹ ਪਾਠ-ਪੁਸਤਕ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਪੰਜਾਬੀ ਵਿਕਾਸ ਕੇਂਦਰ ਦੇ ਵਿਸ਼ਾ-ਮਾਹਰ ਸ੍ਰੀਮਤੀ ਰਜਿੰਦਰ ਕੌਰ ਚੌਹਾਨ ਦੁਆਰਾ, ਡਾਇਰੈਕਟਰ ਅਕਾਦਮਿਕ, ਸ੍ਰੀਮਤੀ ਮਨਜੀਤ ਕੌਰ ਦੀ ਅਗਵਾਈ ਹੇਠ ਖੇਤਰ ਦੇ ਮਾਹਰਾਂ ਅਤੇ ਅਧਿਆਪਕਾਂ ਵਿਸ਼ੇਸ਼ ਕਰਕੇ ਰਣਬੀਰ ਸਿੰਘ ਵਿਸ਼ਾ-ਮਾਹਰ ਐੱਸ.ਸੀ.ਈ.ਆਰ.ਟੀ., ਸ. ਕੁਲਵਿੰਦਰ ਸਿੰਘ ਜਟਾਣਾ, ਸ. ਮਹਿੰਦਰ ਸਿੰਘ ਢੁੱਡੀ, ਸ. ਗੁਰਵੀਰ ਸਿੰਘ ਅਤੇ ਸ. ਜਸਵੀਰ ਸਿੰਘ ਲੰਗੜੋਆ ਦੇ ਸਹਿਯੋਗ ਨਾਲ਼ ਤਿਆਰ ਕੀਤੀ ਗਈ ਹੈ। ਉਹਨਾਂ ਸਭਨਾਂ ਲੇਖਕਾਂ ਦਾ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਧੰਨਵਾਦ ਕੀਤਾ ਜਾਂਦਾ ਹੈ ਜਿਨ੍ਹਾਂ ਦੀਆਂ ਰਚਨਾਵਾਂ ਇਸ ਪਾਠ-ਪੁਸਤਕ ਵਿੱਚ ਸ਼ਾਮਲ ਕੀਤੀਆਂ ਗਈਆਂ ਹਨ। ਇਸ ਪੁਸਤਕ ਨੂੰ ਹੋਰ ਵਧੀਆ ਬਣਾਉਣ ਲਈ ਆਏ ਸੁਝਾਵਾਂ ਦਾ ਬੋਰਡ ਵੱਲੋਂ ਸੁਆਗਤ ਕੀਤਾ ਜਾਵੇਗਾ।

**ਚੇਅਰਮੈਨ**

**ਪੰਜਾਬ ਸਕੂਲ ਸਿੱਖਿਆ ਬੋਰਡ**

# ਪਾਠ-ਸੂਚੀ


| ਲੜੀ ਨੰ: | ਪਾਠ ਦਾ ਨਾਂ | | ਪੰਨਾ |
|---|---|---|---|
| 1. | ਸਾਡਾ ਦੇਸ | ਕਵਿਤਾ | 1 |
| 2. | ਊਠ ਕਿੱਥੇ ਗਿਆ ? | ਕਹਾਣੀ | 6 |
| 3. | ਦੋਸਤੀ | ਕਵਿਤਾ | 11 |
| 4. | ਦੀਪੂ ਨੇ ਛੁੱਟੀ ਲਈ | ਕਹਾਣੀ | 16 |
| 5. | ਵੱਡਾ ਕੌਣ ? | ਕਹਾਣੀ | 22 |
| 6. | ਰੇਲਗੱਡੀ ਆਈ | ਕਵਿਤਾ | 28 |
| 7. | ਦਰਿਆ ਨੇ ਕਿਹਾ | ਕਹਾਣੀ | 33 |
| 8. | ਦੇਖੋ, ਠਹਿਰੋ ਤੇ ਜਾਓ | ਲੇਖ | 39 |
| 9. | ਸਾਈਕਲ ਦੇ ਝੂਟੇ | ਕਹਾਣੀ | 44 |
| 10. | ਆਲੇ-ਭੋਲ਼ੇ | ਕਵਿਤਾ | 50 |
| 11. | ਗਾਂਧੀ ਜੀ ਦਾ ਬਚਪਨ | ਕਹਾਣੀ | 54 |
| 12. | ਦਾਦੀ-ਮਾਂ ਦੀਆਂ ਬਾਤਾਂ | ਲੇਖ | 59 |
| 13. | ਮਹਾਰਾਜਾ ਰਣਜੀਤ ਸਿੰਘ | ਵਾਰਤਾਲਾਪ | 65 |
| 14. | ਬਾਲਕ ਬੀਬੇ ਰਾਣੇ | ਕਵਿਤਾ | 69 |
| 15. | ਮੱਕੜੀ ਦੀ ਹਿੰਮਤ | ਕਹਾਣੀ | 73 |
| 16. | ਡਾਕਖ਼ਾਨੇ ਦੀ ਸੁਣੋ | ਕਹਾਣੀ | 77 |
| 17. | ਭੇਤ ਦੀ ਗੱਲ | ਕਹਾਣੀ | 82 |
| 18. | ਬਸੰਤ | ਕਵਿਤਾ | 88 |
| 19. | ਆਓ, ਗੀਟੇ ਖੇਡੀਏ | ਵਾਰਤਾਲਾਪ | 92 |
| 20. | ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ | ਲੇਖ | 97 |
| 21. | ਰੰਗਾਂ ਦੀ ਖੇਡ—ਹੋਲੀ | ਕਵਿਤਾ | 102 |

# ਤੀਜੀ-ਸ਼੍ਰੇਣੀ

## ਸਿੱਖਣ-ਸਿਖਾਉਣ ਦੀ ਪ੍ਰਕਿਰਿਆ

**ਸਾਰੇ ਵਿਦਿਆਰਥੀਆਂ ਨੂੰ ਅਜਿਹੇ ਮੌਕੇ ਪ੍ਰਦਾਨ ਕੀਤੇ ਜਾਣ ਕਿ ਉਹ ਖੇਡ–ਵਿਧੀ ਰਾਹੀਂ, ਸਹੀ ਸੁਣ ਕੇ, ਸਮਝ ਕੇ, ਧਿਆਨ ਨਾਲ਼ ਪੜ੍ਹ ਕੇ ਪ੍ਰਗਟਾਅ ਕਰ ਸਕਣ ਦੇ ਯੋਗ ਹੋ ਸਕਣ:**

- ਪਾਠ–ਪੁਸਤਕ ਵਿਚਲੀਆਂ ਕਹਾਣੀਆਂ, ਕਵਿਤਾਵਾਂ ਤੇ ਲੇਖਾਂ ਨੂੰ ਢੁਕਵੇਂ ਉਚਾਰਨ, ਠਹਿਰਾਅ, ਦਬਾਅ ਸਹਿਤ ਉੱਚੀ ਬੋਲ ਕੇ ਪੜ੍ਹ ਸਕੇ ਅਤੇ ਮੌਨ–ਪਾਠ ਵੀ ਕਰ ਸਕੇ।
- ਦੂਜੇ ਵਿਦਿਆਰਥੀਆਂ ਦੁਆਰਾ ਪੜ੍ਹੇ ਪਾਠ ਨੂੰ ਸੁਣ ਸਕੇ ਅਤੇ ਸਮਝ ਸਕੇ।
- ਧਾਰਮਿਕ ਸਥਾਨਾਂ, ਮਹਾਨ ਸ਼ਖ਼ਸੀਅਤਾਂ, ਰੁੱਤਾਂ, ਵਾਤਾਵਰਨ, ਪਸ਼ੂ, ਪੰਛੀਆਂ ਆਦਿ ਬਾਰੇ ਜਾਣ ਸਕੇ।
- ਸ਼੍ਰੇਣੀ ਜਾਂ ਸਕੂਲ ਵਿੱਚ ਸੁਣਾਏ ਚੁਟਕਲੇ, ਕਹਾਣੀਆਂ, ਕਵਿਤਾਵਾਂ, ਖ਼ਾਸ ਗੱਲ–ਬਾਤ ਸੁਣ ਕੇ ਸਮਝ ਸਕੇ।
- ਟੈਲੀਵੀਜ਼ਨ ਜਾਂ ਰੇਡੀਓ ਤੋਂ ਬੱਚਿਆਂ ਲਈ ਪ੍ਰਸਾਰਿਤ ਕੀਤੇ ਜਾਣ ਵਾਲ਼ੇ ਪ੍ਰੋਗ੍ਰਾਮ ਵੇਖ/ਸੁਣਕੇ, ਸਮਝ ਸਕੇ ਅਤੇ ਉਸ ਬਾਰੇ ਆਪਣੀ ਭਾਸ਼ਾ ਵਿੱਚ ਗੱਲ–ਬਾਤ ਕਰ ਸਕੇ।
- ਪਾਠ–ਪੁਸਤਕ ਵਿਚਲੇ ਲੇਖ, ਕਹਾਣੀ ਜਾਂ ਕਵਿਤਾ ਨੂੰ ਪੜ੍ਹ ਕੇ ਉਸ ਵਿਚਲੇ ਘਟਨਾ–ਕ੍ਰਮ ਨੂੰ ਸਮਝ ਸਕੇ ਅਤੇ ਉਸ ਵਿਚਲੇ ਭਾਵ ਗ੍ਰਹਿਣ ਕਰ ਸਕੇ।
- ਪੜ੍ਹੀ ਜਾਂ ਸੁਣੀ ਹੋਈ ਕਹਾਣੀ ਨੂੰ ਦੁਬਾਰਾ ਆਪਣੇ ਸ਼ਬਦਾਂ ਵਿੱਚ ਸੁਣਾ ਸਕੇ।
- ਕਵਿਤਾ ਵਿਚਲੇ ਭਾਵ, ਸੁਨੇਹੇ ਅਤੇ ਸਿੱਖਿਆ ਨੂੰ ਸਮਝ ਸਕੇ।

## ਸਿੱਖਣ ਦੇ ਪਰਿਣਾਮ

**ਸਿੱਖਣ-ਸਿਖਾਉਣ ਦੀ ਪ੍ਰਕਿਰਿਆ ਤੋਂ ਬਾਅਦ ਵਿਦਿਆਰਥੀ ਹੇਠ ਲਿਖੇ ਦੇ ਸਮਰੱਥ ਹੋਣਗੇ:**

- ਵਿਦਿਆਰਥੀ ਕਿਸੇ ਵੀ ਲੇਖ, ਕਹਾਣੀ ਨੂੰ ਪੜ੍ਹ ਕੇ ਉਸ ਵਿਚਲੇ ਭਾਵ/ਸਿੱਖਿਆ ਨੂੰ ਸਮਝਦੇ ਹਨ।
- ਵਿਦਿਆਰਥੀ ਦੀ ਪੜ੍ਹਨ–ਸਮਗਰੀ ਨੂੰ ਪੜ੍ਹਨ ਦੀ ਗਤੀ ਵਿੱਚ ਦੂਜੀ ਜਮਾਤ ਦੇ ਮੁਕਾਬਲੇ ਤੇਜ਼ੀ ਆਈ ਹੈ ਅਤੇ ਉਚਾਰਨ ਦੇ ਪੱਧਰ 'ਤੇ ਸੁਧਾਰ ਹੋਇਆ ਹੈ।
- ਵਿਦਿਆਰਥੀ ਕਹਾਣੀ ਪੜ੍ਹਦੇ ਸਮੇਂ ਪੂਰਨ ਵਿਸਰਾਮ, ਕਾਮਾ, ਪ੍ਰਸ਼ਨਵਾਚਕ ਆਦਿ ਚਿੰਨ੍ਹਾਂ ਅਨੁਸਾਰ ਉਚਾਰਨ ਕਰਦੇ ਹਨ।
- ਵਿਦਿਆਰਥੀ ਏਕਤਾ ਦੀ ਸ਼ਕਤੀ ਬਾਰੇ, ਦੋਸਤੀ ਦੇ ਮਹੱਤਵ ਬਾਰੇ, ਰੁੱਤਾਂ ਬਾਰੇ, ਪੰਛੀਆਂ ਅਤੇ ਰੁੱਖਾਂ ਦਾ ਮਨੁੱਖੀ ਜੀਵਨ ਵਿੱਚ ਮਹੱਤਵ, ਪਹੀਏ ਦੀ ਕਾਢ ਦੇ ਲਾਭ ਅਤੇ ਸਾਡੇ ਦੇਸ ਬਾਰੇ ਲਿਖੀਆਂ ਕਵਿਤਾਵਾਂ ਦੇ ਭਾਵ ਅਰਥ ਸਮਝਦੇ ਹਨ ਅਤੇ ਇਸ ਬਾਰੇ ਗੱਲ–ਬਾਤ ਕਰਦੇ ਹਨ।
- ਵਿਦਿਆਰਥੀ ਕਨੂੰਨ, ਅਨੁਸ਼ਾਸਨ ਦੀ ਮਹੱਤਤਾ, ਆਵਾਜਾਈ ਦੇ ਨਿਯਮਾਂ ਬਾਰੇ ਜਾਣਦੇ ਹਨ ਅਤੇ ਇਸ ਸੰਬੰਧੀ ਚੰਗੀਆਂ ਆਦਤਾਂ ਗ੍ਰਹਿਣ ਕਰਨ ਦੀ ਕੋਸ਼ਸ਼ ਕਰਦੇ ਹਨ।
- ਉਹ ਬਾਲ–ਖੇਡਾਂ ਵਿੱਚ ਵਿਸ਼ੇਸ਼ ਦਿਲਚਸਪੀ ਲੈਂਦੇ ਹਨ ਅਤੇ ਅਲੋਪ ਹੋ ਚੁੱਕੀਆਂ ਖੇਡਾਂ ਬਾਰੇ ਜਾਣਨ ਵਿੱਚ ਦਿਲਚਸਪੀ ਦਿਖਾਉਂਦੇ ਹਨ।

- ਅਪਣੀ ਪਾਠ-ਪੁਸਤਕ ਵਿੱਚੋਂ ਕੋਈ ਕਵਿਤਾ ਜਾਂ ਗੀਤ ਲੈਅਬੱਧ ਤਰੀਕੇ ਨਾਲ਼ ਅਤੇ ਮੁਦਰਾਵਾਂ ਸਹਿਤ ਸੁਣਾ ਸਕੇ।
- ਆਪਣੇ ਸਾਥੀ ਵਿਦਿਆਰਥੀਆਂ ਨਾਲ਼, ਅਧਿਆਪਕਾਂ ਨਾਲ਼, ਰਿਸ਼ਤੇਦਾਰਾਂ ਨਾਲ਼ ਤੇ ਆਲ਼ੇ-ਦੁਆਲ਼ੇ ਦੇ ਹੋਰ ਲੋਕਾਂ ਨਾਲ਼ ਬੇਝਿਜਕ ਗੱਲ-ਬਾਤ ਕਰ ਸਕੇ।
- ਸੁਣ ਕੇ ਜਾਂ ਵੇਖ ਕੇ ਸਹੀ ਸ਼ਬਦ-ਜੋੜ ਲਿਖ ਸਕੇ।
- ਲਿਖਣ ਵੇਲ਼ੇ ਵਿਸਰਾਮ-ਚਿੰਨ੍ਹਾਂ ਦੀ ਸਹੀ ਵਰਤੋਂ ਕਰ ਸਕੇ।
- ਅੱਖਰਾਂ ਦੀ ਸ਼ੁੱਧ ਬਣਾਵਟ ਨਾਲ਼ ਸੁੰਦਰ ਲਿਖਾਈ ਕਰ ਸਕੇ।
- ਪੜ੍ਹੀ ਹੋਈ ਸਮਗਰੀ ਵਿੱਚੋਂ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦੇ ਸਕੇ, ਵਿਰੋਧੀ ਸ਼ਬਦ, ਸਮਾਨਾਰਥਕ ਸ਼ਬਦ ਲਿਖ ਸਕੇ।
- ਰੋਜ਼ਾਨਾ ਜੀਵਨ ਦੀਆਂ ਅਤੇ ਆਲ਼ੇ-ਦੁਆਲ਼ੇ ਦੀਆਂ ਘਟਨਾਵਾਂ, ਦਿਨ-ਤਿਉਹਾਰ, ਅਧਿਆਪਕ, ਸਕੂਲ, ਮਾਪੇ, ਰੁੱਖ, ਹਵਾ, ਪਾਣੀ ਬਾਰੇ ਦਸ ਤੋਂ ਪੰਦਰਾਂ ਸਤਰਾਂ ਵਿੱਚ ਲਿਖ ਸਕੇ।
- ਜ਼ਰੂਰਤ ਅਨੁਸਾਰ ਅਰਜ਼ੀ ਲਿਖ ਸਕੇ।
- ਵਿਦਿਆਰਥੀ ਨਵੇਂ-ਨਵੇਂ ਸ਼ਬਦਾਂ ਦੇ ਰੂ-ਬਰੂ ਹੁੰਦਾ ਹੈ ਅਤੇ ਇਹਨਾਂ ਦਾ ਅਰਥ ਦੱਸ ਕੇ ਵਾਕਾਂ ਵਿੱਚ ਵਰਤਦਾ ਹੈ। ਇਸ ਤਰ੍ਹਾਂ ਉਸ ਦੇ ਸ਼ਬਦ-ਭੰਡਾਰ ਵਿੱਚ ਵਾਧਾ ਹੁੰਦਾ ਹੈ।
- ਵਿਦਿਆਰਥੀ ਪਾਠ-ਪੁਸਤਕ ਵਿੱਚੋਂ ਦੇਖ ਕੇ ਪੈਰੇ ਵਿੱਚ ਲਿਖ ਸਕਣ ਦੇ ਯੋਗ ਹੁੰਦੇ ਹਨ।
- ਉਹ ਲਿਖਤੀ ਕੰਮ ਕਰਦੇ ਹਨ, ਅੱਖਰਾਂ ਦੀ ਬਣਾਵਟ, ਇਕਸਾਰਤਾ, ਅੱਖਰਾਂ ਵਿਚਲੀ ਵਿਸ਼ੇਸ਼ ਤੇ ਲੁੜੀਂਦੀ ਦੂਰੀ ਰੱਖਣਾ ਆਦਿ ਗੱਲਾਂ ਦੀ ਸਮਝ ਰੱਖਦੇ ਹਨ।
- ਵਿਦਿਆਰਥੀ ਆਪਣੇ ਵੱਲੋਂ ਕਿਸੇ ਵਿਸ਼ੇ 'ਤੇ ਦਿੱਤੀ ਜਾਣਕਾਰੀ ਨੂੰ ਅਸਾਨ ਸ਼ਬਦਾਂ ਵਿੱਚ ਅੱਠ ਤੋਂ ਦਸ ਵਾਕਾਂ ਵਿੱਚ ਆਪ ਲਿਖਣ ਦੇ ਯੋਗ ਹੁੰਦਾ ਹੈ।
- ਵਿਦਿਆਰਥੀ ਇੱਕ ਸ਼ਬਦ ਨੂੰ ਇੱਕ ਤੋਂ ਵੱਧ ਵਾਕਾਂ ਵਿੱਚ ਵਰਤ ਸਕਦਾ ਹੈ।
- ਵਿਦਿਆਰਥੀ ਸਕੂਲ, ਘਰ, ਮਿੱਤਰ, ਰੇਡੀਓ, ਟੈਲੀਵੀਜ਼ਨ, ਆਦਿ ਤੋਂ ਸੁਣੀ ਗੱਲ-ਬਾਤ ਸਾਂਝੀ ਕਰਨ ਦੇ ਯੋਗ ਹੁੰਦੇ ਹਨ।

ਪਾਠ 1



# ਸਾਡਾ ਦੇਸ



ਦੇਸ ਹੈ ਸਾਡਾ ਹਿੰਦੁਸਤਾਨ,
ਕੁੱਲ ਦੁਨੀਆ ਦੀ ਇਹ ਹੈ ਸ਼ਾਨ।

ਸਾਡਾ ਦੇਸ ਹੈ ਜੱਗ ਤੋਂ ਨਿਆਰਾ,
ਇਹਦਾ ਸਭ ਕੁਝ ਸਾਨੂੰ ਪਿਆਰਾ।

ਇਹਦੇ ਹਰੇ-ਭਰੇ ਨੇ ਖੇਤ,
ਸੋਨਾ ਉਗਲ਼ੇ ਇਹਦੀ ਰੇਤ।

ਗੰਗਾ, ਜਮਨਾ, ਸਤਲੁਜ ਪਿਆਰਾ,
ਵਗਦੀ ਨਿਰਮਲ ਜਲ ਦੀ ਧਾਰਾ।

ਉੱਤਰ ਵੰਨੇ ਖੜ੍ਹਾ ਹਿਮਾਲਾ,
ਅਸਮਾਨਾਂ ਨੂੰ ਛੂਹਣ ਵਾਲ਼ਾ।

ਗੋਦੀ ਇਹਦੀ ਮਿੱਠੇ ਮੇਵੇ,
ਮਿੱਠੇ ਮੇਵੇ ਸਭ ਨੂੰ ਦੇਵੇ।

ਸਿਖਰ ਏਸ ਦੇ ਬਰਫ਼ਾਂ ਕੱਜੇ,
ਦਾਤਾਂ ਦੇਂਦਾ ਕਦੇ ਨਾ ਰੱਜੇ।

ਲੋੜ ਪਵੇ ਤਾਂ ਜਾਨ ਘੁਮਾਈਏ,
ਭਾਰਤ ਮਾਂ ਤੋਂ ਸਦਕੇ ਜਾਈਏ।

## ਪਾਠ-ਅਭਿਆਸ



**1. ਸ਼ਬਦ-ਅਰਥ :**

| | | | | | |
|---|---|---|---|---|---|
| ਹਿੰਦੁਸਤਾਨ | : | ਭਾਰਤ | ਨਿਆਰਾ | : | ਵੱਖਰਾ |
| ਉਗਲ਼ੇ | : | ਪੈਦਾ ਕਰੇ | ਸਿਖਰ | : | ਟੀਸੀ/ਸਭ ਤੋਂ ਉਪਰ |
| ਦਾਤਾਂ | : | ਸੁਗਾਤਾਂ | ਨਿਰਮਲ | : | ਸ਼ੁੱਧ/ਮੈਲ਼-ਰਹਿਤ |
| ਮੇਵੇ | : | ਸੁੱਕੇ ਫਲ਼ | ਧਾਰਾ | : | ਵਹਿਣ |
| ਜਾਨ ਘੁਮਾਈਏ | : | ਜਾਨ ਵਾਰੀਏ | | | |

## 2. ਮੌਖਿਕ ਪ੍ਰਸ਼ਨ :

- ਸਾਡਾ ਦੇਸ ਦੁਨੀਆ ਭਰ ਵਿੱਚ ਕਿਹੋ-ਜਿਹਾ ਹੈ ?
- ਸਾਡੇ ਦੇਸ ਵਿੱਚ ਵਗਦੀ ਕਿਸੇ ਇੱਕ ਨਦੀ ਦਾ ਨਾਂ ਦੱਸੋ।
- ਸਾਡੇ ਦੇਸ ਵਿੱਚ ਪਹਾੜ ਕਿਸ ਚੀਜ਼ ਨਾਲ਼ ਢਕੇ ਹੋਏ ਹਨ ?

## 3. ਠੀਕ ਉੱਤਰ ਅੱਗੇ ਸਹੀ (√) ਦਾ ਨਿਸ਼ਾਨ ਲਾਓ :

1. ਸਾਡੇ ਦੇਸ ਦੇ ਖੇਤ ਕਿਹੋ-ਜਿਹੇ ਹਨ ?

ਰੰਗ-ਬਰੰਗੇ ☐ ਹਰੇ-ਭਰੇ ☐ ਖੁੱਲ੍ਹੇ-ਡੁੱਲ੍ਹੇ ☐

2. ਹਿਮਾਲੀਆ ਦੇ ਸਿਖਰ ਕਿਸ ਚੀਜ਼ ਨਾਲ਼ ਲੱਦੇ ਹੋਏ ਹਨ ?

ਫਲ਼ਾਂ ☐ ਦਰਖ਼ਤਾਂ ☐ ਬਰਫ਼ਾਂ ☐

3. 'ਮੇਵੇ' ਸ਼ਬਦ ਤੋਂ ਕੀ ਭਾਵ ਹੈ ?

ਫਲ਼ ☐ ਮਿਠਿਆਈ ☐ ਸੁੱਕੇ ਫਲ਼ ☐

4. 'ਕੱਜੇ' ਸ਼ਬਦ ਤੋਂ ਕੀ ਭਾਵ ਹੈ ?

ਖੁੱਲ੍ਹੇ ☐ ਢਕੇ ☐ ਭੀੜੇ ☐

## 4. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :

(ੳ) ਦੇਸ ਹੈ ਸਾਡਾ .............................. ।

(ਅ) ਸਾਡਾ ਦੇਸ ਹੈ ਜੱਗ ਤੋਂ .............................. ।

(ੲ) ਇਹਦੇ ਹਰੇ-ਭਰੇ ਨੇ .............................. ।

(ਸ) ਲੋੜ ਪਵੇ ਤਾਂ .............................. ਘੁਮਾਈਏ।

(ਖੇਤ, ਹਿੰਦੁਸਤਾਨ, ਨਿਆਰਾ, ਜਾਨ)

## 5. ਸਤਰਾਂ ਪੂਰੀਆਂ ਕਰੋ :

(ੳ) ਦੇਸ ਹੈ ਸਾਡਾ ਹਿੰਦੁਸਤਾਨ।

(ਅ) ਗੋਦੀ ਇਹਦੀ ਮਿੱਠੇ ਮੇਵੇ।

**6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(ੳ) ਸਾਡੇ ਦੇਸ ਦਾ ਕੀ ਨਾਂ ਹੈ ?

(ਅ) ਸੋਨਾ ਕੌਣ ਉੱਗਲ਼ਦੀ ਹੈ ?

(ੲ) ਸਾਡੇ ਦੇਸ ਦੇ ਉੱਤਰ ਵੱਲ ਕਿਹੜਾ ਪਰਬਤ ਹੈ ?


**7. ਦੱਸੇ ਅਨੁਸਾਰ ਸ਼ਬਦਾਂ ਨੂੰ ਮਿਲ਼ਾਓ :**

| | |
|---|---|
| ਦੁਨੀਆ | ਪਾਸੇ |
| ਸ਼ਾਨ | ਸੁੱਕੇ ਫਲ਼ |
| ਕੱਜੇ | ਸੰਸਾਰ |
| ਨਿਰਮਲ | ਸੋਭਾ |
| ਮੇਵੇ | ਢਕੇ ਹੋਏ |
| ਵੰਨੇ | ਸ਼ੁੱਧ |

ਇਸ ਕਵਿਤਾ ਨੂੰ ਜ਼ਬਾਨੀ ਯਾਦ ਕਰ ਕੇ ਆਪਣੀ ਜਮਾਤ ਵਿੱਚ ਸੁਣਾਓ।

## ਰਚਨਾਤਮਿਕ ਕਾਰਜ

ਚਿੱਤਰ ਵਿੱਚ ਰੰਗ ਭਰੋ:



ਪਾਠ 2

# ਊਠ ਕਿੱਥੇ ਗਿਆ ?

ਜੈਸਮੀਨ ਨੂੰ ਆਪਣੇ ਬਾਬਾ ਜੀ ਦੀ ਸੁਣਾਈ ਕਹਾਣੀ ਯਾਦ ਆ ਗਈ । ਉਹ ਖੁੱਲ੍ਹ ਕੇ ਹੱਸੀ। ਕਹਾਣੀ ਹੱਸਣ ਵਾਲ਼ੀ ਹੀ ਸੀ। ਕਹਾਣੀ ਇਸ ਤਰ੍ਹਾਂ ਸੀ :

ਕਰੀਮੂ ਕੋਲ਼ ਦਸ ਊਠ ਸਨ। ਉਸ ਦੇ ਪਿੰਡ ਤੋਂ ਦੂਰ ਸ਼ਹਿਰ ਵਿੱਚ ਊਠਾਂ ਦੀ ਮੰਡੀ ਲੱਗਦੀ ਸੀ। ਕਰੀਮੂ ਨੇ ਆਪਣੇ ਊਠ ਉਸ ਮੰਡੀ ਵਿੱਚ ਲੈ ਕੇ ਜਾਣੇ ਸਨ।

ਰਾਹ ਲੰਮਾ ਤੇ ਰੇਤਲਾ ਸੀ। ਇਸ ਲਈ ਕਰੀਮੂ ਸਵੇਰੇ ਹੀ ਊਠਾਂ ਨੂੰ ਲੈ ਤੁਰਿਆ। ਉਸ ਨੇ ਊਠਾਂ ਨੂੰ ਕਤਾਰ ਵਿੱਚ ਤੋਰਿਆ। ਇੱਕ ਊਠ ਦੀ ਨਕੇਲ ਉਸ ਤੋਂ ਅਗਲੇ ਊਠ ਦੀ ਮੁਹਾਰ ਨਾਲ਼ ਬੰਨ੍ਹ ਦਿੱਤੀ। ਇਸ ਤਰ੍ਹਾਂ ਸਾਰੇ ਊਠ ਇੱਕ ਦੇ ਪਿੱਛੇ ਇੱਕ ਤੁਰਨ ਲੱਗੇ।

ਸੂਰਜ ਉੱਚਾ ਹੋਇਆ। ਰੇਤਲਾ ਰਾਹ ਭਖਣ ਲੱਗਿਆ। ਊਠਾਂ ਨੂੰ ਰੇਤਲੇ ਰਾਹ ਉੱਤੇ ਤੁਰਨਾ ਔਖਾ ਨਹੀਂ ਸੀ ਲੱਗਦਾ। ਕਰੀਮੂ ਲਈ ਰੇਤ ਉੱਤੇ ਤੁਰਨਾ ਸੌਖਾ ਨਹੀਂ ਸੀ। ਉਹ ਚੱਲਦਾ-ਚੱਲਦਾ ਥੱਕ ਗਿਆ ਸੀ। ਰਾਹ ਵਿੱਚ ਕੋਈ ਰੁੱਖ ਨਹੀਂ ਸੀ। ਰੇਤਲੇ ਇਲਾਕੇ ਵਿੱਚ ਰੁੱਖ ਤਾਂ ਦੂਰ-ਦੂਰ ਤੱਕ ਵੀ ਨਹੀਂ ਸਨ।

ਕਰੀਮੂ ਨੇ ਸੋਚਿਆ ਕਿ ਅਖ਼ੀਰਲੇ ਊਠ ਉੱਤੇ ਬੈਠਿਆ ਜਾਵੇ। ਇਸ ਤਰ੍ਹਾਂ ਨਾਲ਼ ਅੱਗੇ ਤੁਰਦੇ ਸਾਰੇ ਊਠ ਦਿਸਦੇ ਰਹਿਣਗੇ।



ਕਰੀਮੂ ਊਠ ਉੱਤੇ ਬੈਠ ਗਿਆ। ਅਰਾਮ ਨਾਲ਼ ਬੈਠਾ ਉਹ ਕੋਈ ਗੀਤ ਗੁਣਗੁਣਾਉਣ ਲੱਗਿਆ। ਊਠਾਂ ਦੇ ਗਲ਼ਾਂ ਵਿੱਚ ਬੰਨ੍ਹੀਆਂ ਟੱਲੀਆਂ ਟੁਣਕ ਰਹੀਆਂ ਸਨ। ਫਿਰ ਉਹ ਪਾਲ਼ ਵਿੱਚ ਤੁਰਦੇ ਊਠਾਂ ਨੂੰ ਵੇਖਣ ਲੱਗਿਆ। ਉੱਚੇ-ਉੱਚੇ ਊਠ ਤੇ ਨਾਲ਼ ਉਹਨਾਂ ਦੇ ਲੰਮੇ-ਲੰਮੇ ਪਰਛਾਂਵੇਂ ਦਿਖਾਈ ਦੇ ਰਹੇ ਸਨ।

ਅਚਾਨਕ ਕਰੀਮੂ ਆਪਣੇ ਅੱਗੇ ਜਾਂਦੇ ਊਠਾਂ ਨੂੰ ਗਿਣਨ ਲੱਗਿਆ, "ਇੱਕ, ਦੋ, ਤਿੰਨ ....... ਅੱਠ, ਨੌਂ। ਹੈਂ! ਇਹ ਕੀ? ਊਠ ਤਾਂ ਦਸ ਸਨ। ਨੌਂ ਕਿਵੇਂ ਰਹਿ ਗਏ?" ਕਰੀਮੂ ਘਾਬਰ ਕੇ ਹੇਠਾਂ ਉੱਤਰਿਆ। ਫਿਰ ਉਹ ਊਠਾਂ ਨੂੰ ਗਿਣਨ ਲੱਗਾ। ਊਠ ਦਸ ਹੀ ਨਿਕਲ਼ੇ। ਉਸ ਨੂੰ ਸ਼ਾਇਦ ਭੁਲੇਖਾ ਲੱਗ ਗਿਆ ਸੀ।

ਇਸ ਪਿੱਛੋਂ ਉਹ ਮੁੜ ਊਠ ਉੱਤੇ ਜਾ ਬੈਠਿਆ। ਉਸ ਨੇ ਊਠ ਉੱਤੇ ਬੈਠਦਿਆਂ ਹੀ ਊਠਾਂ ਨੂੰ ਫਿਰ ਤੋਂ ਗਿਣਨਾ ਸ਼ੁਰੂ ਕਰ ਦਿੱਤਾ। ਇੱਕ, ਦੋ, ਤਿੰਨ, ਚਾਰ................ਅੱਠ ਨੌਂ।

"ਹਾਏ! ਊਠ ਤਾਂ ਫੇਰ ਨੌਂ ਹੀ ਰਹਿ ਗਏ! ਇੱਕ ਊਠ ਕਿੱਥੇ ਗਿਆ?" ਕਰੀਮੂ ਬੇਚੈਨ ਹੋ ਗਿਆ। ਉਹ ਊਠ ਤੋਂ ਛਾਲ਼ ਮਾਰ ਕੇ ਹੇਠਾਂ ਉੱਤਰਿਆ। ਉਸ ਨੇ ਸਾਰੇ ਊਠ ਖੜ੍ਹਾ ਲਏ। ਫਿਰ ਹਰੇਕ ਨੂੰ ਹੱਥ ਲਾ-ਲਾ ਕੇ ਗਿਣਨ ਲੱਗਿਆ। ਉਸ ਨੇ ਸੁੱਖ ਦਾ ਸਾਹ ਲਿਆ। ਊਠ ਦਸ ਹੀ ਸਨ।

ਇਸ ਪਿੱਛੋਂ ਕਰੀਮੂ ਊਠ ਉੱਤੇ ਨਾ ਬੈਠਿਆ। "ਊਠ ਉੱਤੇ ਬੈਠਣ ਨਾਲ਼ ਇੱਕ ਊਠ ਘਟ ਜਾਂਦਾ ਹੈ। ਐਨਾ ਮਹਿੰਗਾ ਊਠ! ਨਾ ਬਾਬਾ, ਨਾ! ਮੈਂ ਤਾਂ ਔਖਾ-ਸੌਖਾ ਪੈਦਲ ਹੀ ਚੱਲਾਂਗਾ।"

ਜਦੋਂ ਵੀ ਬਾਬਾ ਜੀ ਇਹ ਕਹਾਣੀ ਸੁਣਾਉਂਦੇ ਤਾਂ ਅਸੀਂ ਖ਼ੂਬ ਹੱਸਦੇ ............।

## ਪਾਠ-ਅਭਿਆਸ



**1. ਸ਼ਬਦ-ਅਰਥ :**

| | | | |
|---|---|---|---|
| ਮੰਡੀ | : ਬਜ਼ਾਰ | ਮੁਹਾਰ | : ਵਾਗ, ਊਠ ਦੇ ਨੱਕ ਵਿੱਚ ਪਾਈ ਰੱਸੀ |
| ਨਕੇਲ | : ਪਸ਼ੂ ਦੇ ਨੱਕ ਵਿੱਚ ਪਾਈ ਰੱਸੀ | ਰੇਤਲਾ | : ਰੇਤ ਵਾਲ਼ਾ |
| ਟੁਣਕ | : ਖੜਕਾਰ | ਭਖਣ | : ਗਰਮ |
| ਘਾਬਰ ਕੇ | : ਡਰ ਕੇ | ਪਾਲ਼ | : ਕਤਾਰ |
| ਖ਼ੂਬ | : ਬਹੁਤ | ਮਹਿੰਗਾ | : ਕੀਮਤੀ |

## 2. ਮੌਖਿਕ ਪ੍ਰਸ਼ਨ :

- **ਜੈਸਮੀਨ ਨੂੰ ਕਿਸ ਦੀ ਸੁਣਾਈ ਕਹਾਣੀ ਯਾਦ ਆਈ ?**
- **ਕਰੀਮੂ ਊਠ ਉੱਤੇ ਬੈਠ ਕੇ ਕੀ ਕਰਨ ਲੱਗਾ ?**
- **ਰਾਹ ਕਿਹੋ-ਜਿਹਾ ਸੀ ?**

## 3. ਠੀਕ ਵਾਕਾਂ ਅੱਗੇ ਸਹੀ (√) ਦਾ ਨਿਸ਼ਾਨ ਅਤੇ ਗ਼ਲਤ ਵਾਕਾਂ ਅੱਗੇ ਗ਼ਲਤ (×) ਦਾ ਨਿਸ਼ਾਨ ਲਾਓ :

(ੳ) ਊਠਾਂ ਦੇ ਗਲ਼ਾਂ ਵਿੱਚ ਟੱਲੀਆਂ ਬੰਨ੍ਹੀਆਂ ਹੋਈਆਂ ਸਨ। ☐

(ਅ) ਕਰੀਮੂ ਦੇ ਵਾਰ-ਵਾਰ ਗਿਣਨ 'ਤੇ ਦੋ ਊਠ ਘਟ ਜਾਂਦੇ ਸਨ। ☐

(ੲ) ਕਰੀਮੂ ਅਖੀਰਲੇ ਊਠ ਉੱਪਰ ਬੈਠਾ ਸੀ। ☐

(ਸ) ਕਰੀਮੂ ਊਠਾਂ ਨੂੰ ਖੇਤ ਲਿਜਾ ਰਿਹਾ ਸੀ। ☐

## 4. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :

(ੳ) ਪਿੰਡ ਤੋਂ ਦੂਰ ਸ਼ਹਿਰ ਵਿੱਚ ਊਠਾਂ ਦੀ ................ ਲੱਗਦੀ ਸੀ।

(ਕਤਾਰ, ਮੰਡੀ)

(ਅ) ਕਰੀਮੂ ਨੂੰ ਰੇਤ ਉੱਤੇ ਤੁਰਨਾ................ ਲੱਗਦਾ ਸੀ।

(ਸੌਖਾ, ਔਖਾ)

(ੲ) ਕਰੀਮੂ ਕੋਈ ................ਗੁਣਗੁਣਾਉਣ ਲੱਗਿਆ।

(ਗੀਤ, ਸ਼ਬਦ)

(ਸ) ਊਠਾਂ ਦੇ ਗਲ਼ਾਂ ਵਿੱਚ ਬੰਨ੍ਹੀਆਂ ਟੱਲੀਆਂ ................ ਰਹੀਆਂ ਸਨ।

(ਟੁਣਕ, ਟੁੱਟ)

(ਹ) ਉੱਚੇ ਊਠਾਂ ਦੇ ਪਰਛਾਂਵੇਂ ................ ਸਨ।

(ਛੋਟੇ, ਲੰਮੇ)

5. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ:**

(ੳ) ਕਰੀਮੂ ਕੋਲ਼ ਕਿੰਨੇ ਊਠ ਸਨ ?

(ਅ) ਕਰੀਮੂ ਕਿਹੜੇ ਊਠ ਉੱਤੇ ਬੈਠਿਆ ?

(ੲ) ਕਰੀਮੂ ਕਿਹੜਾ ਊਠ ਗਿਣਨਾ ਭੁੱਲ ਜਾਂਦਾ ਸੀ ?

(ਸ) ਕਰੀਮੂ ਫਿਰ ਊਠ ਉੱਤੇ ਕਿਉਂ ਨਾ ਬੈਠਾ ?

6. **ਇਸ ਪਾਠ ਵਿੱਚੋਂ ਦੁਹਰਾਅ ਵਾਲ਼ੇ (ਸਮਾਸੀ) ਹੋਰ ਸ਼ਬਦ ਲਿਖੋ, ਜਿਵੇਂਕਿ ਉਦਾਹਰਨ ਵਿੱਚ ਦੱਸਿਆ ਗਿਆ ਹੈ।**

ਉਦਾਹਰਨ : ਚੱਲਦਾ–ਚੱਲਦਾ

7. **ਸਮਝੋ ਤੇ ਕਰੋ :**

| | |
|---|---|
| ਚੈਨ | ਬੇਅਰਾਮ |
| ਫ਼ਿਕਰ | ਬੇਚੈਨ |
| ਅਰਾਮ | ਬੇਫ਼ਿਕਰ |


8. **ਸਮਝੋ ਤੇ ਲਿਖੋ :**



| | |
|---|---|
| ਟੱਲੀ | ਟੱਲੀਆਂ |
| ਕਹਾਣੀ | |
| ਮੰਡੀ | |
| ਕਾਪੀ | |

## ਰਚਨਾਤਮਿਕ ਕਾਰਜ

**ਊਠ ਦੇ ਚਿੱਤਰ ਵਿੱਚ ਰੰਗ ਭਰੋ :**



ਊਠ ਬਾਰੇ ਪੰਜ ਵਾਕ ਬੋਲੋ।

ਪਾਠ 3

# ਦੋਸਤੀ



ਤੋਤਾ ਅਤੇ ਕਬੂਤਰ ਮਿੱਤਰ,
ਦੋਂਹਾਂ ਵਿੱਚ ਸੀ ਪਿਆਰ ਬੜਾ।
ਇੱਕ-ਦੂਜੇ ਦੇ ਕੰਮ ਸੀ ਆਉਂਦੇ,
ਉਂਞ ਵੀ 'ਕੱਠੇ ਰਹਿਣ ਸਦਾ।

ਤੋਤਾ ਕਹਿੰਦਾ, "ਵੀਰ ਕਬੂਤਰ!
ਹੁਣ ਜੇ ਜਾਵੇ ਬਿੱਲੀ ਆ।
ਅੱਖਾਂ ਮੀਚ ਲਈਂ ਨਾ ਕਿਧਰੇ,
ਨਹੀਂ ਤਾਂ ਜਾਊ, ਤੈਨੂੰ ਖਾ।"

ਪਤਾ ਨਹੀਂ ਕਿੱਥੋਂ ਆ ਟਪਕੀ,
ਬਿੱਲੀ ਆਪਣਾ ਦਾਅ ਲਗਾ।
ਮਾਰ ਉਡਾਰੀ ਦੋਵੇਂ ਉੱਡ ਗਏ,
ਬਹਿ ਗਏ ਉਹ ਟਾਹਲੀ 'ਤੇ ਜਾ।



ਡੋਹ-ਡੋਹ ਸੀ ਉਹ ਰਹੇ ਬੁਲਾ,
ਬਿੱਲੀ ਨੂੰ ਸੀ ਰਹੇ ਚਿੜਾ,
ਵਾਹ ਬਈ ਵਾਹ! ਵਾਹ ਬਈ ਵਾਹ!
ਡੋਹ-ਡੋਹ ਸੀ ਉਹ ਰਹੇ ਬੁਲਾ।

## ਪਾਠ-ਅਭਿਆਸ



**1. ਸ਼ਬਦ-ਅਰਥ:**

| | | | | | |
|---|---|---|---|---|---|
| ਸਦਾ | : | ਹਮੇਸ਼ਾਂ | ਬੜਾ | : | ਬਹੁਤ |
| ਮਿੱਤਰ | : | ਦੋਸਤ | ਆ ਟਪਕੀ | : | ਅਚਾਨਕ ਆ ਗਈ |
| ਮੀਚ | : | ਬੰਦ | ਡੋਹ-ਡੋਹ | : | ਅੰਗੂਠਾ ਦਿਖਾ ਕੇ ਚਿੜਾਉਣਾ |

**2. ਠੀਕ ਵਾਕਾਂ ਅੱਗੇ ਸਹੀ (√) ਦਾ ਨਿਸ਼ਾਨ ਅਤੇ ਗ਼ਲਤ ਵਾਕਾਂ ਅੱਗੇ ਗ਼ਲਤ (×) ਦਾ ਨਿਸ਼ਾਨ ਲਾਓ :**

1. ਤੋਤੇ ਤੇ ਕਬੂਤਰ ਵਿੱਚ ਬਹੁਤ ਪਿਆਰ ਸੀ। ☐
2. ਤੋਤਾ ਤੇ ਕਬੂਤਰ ਇੱਕ-ਦੂਜੇ ਦੇ ਕੰਮ ਨਹੀਂ ਆਉਂਦੇ ਸਨ। ☐
3. ਬਿੱਲੀ ਨੇ ਕਬੂਤਰ ਨੂੰ ਖਾ ਲਿਆ। ☐
4. ਤੋਤਾ ਤੇ ਕਬੂਤਰ ਉੱਡ ਕੇ ਨਿੰਮ 'ਤੇ ਬੈਠ ਗਏ। ☐

3. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(ੳ) ਤੋਤੇ ਅਤੇ ਕਬੂਤਰ ਦਾ ਆਪਸੀ ਰਿਸ਼ਤਾ ਕੀ ਸੀ ?

(ਅ) ਤੋਤੇ ਨੇ ਕਬੂਤਰ ਨੂੰ ਕੀ ਨਸੀਹਤ ਦਿੱਤੀ ?

(ੲ) ਬਿੱਲੀ ਦੇ ਆਉਣ 'ਤੇ ਤੋਤਾ ਅਤੇ ਕਬੂਤਰ ਉੱਡ ਕੇ ਕਿੱਥੇ ਬੈਠ ਜਾਂਦੇ ਹਨ ?

(ਸ) ਤੋਤਾ ਤੇ ਕਬੂਤਰ ਬਿੱਲੀ ਨੂੰ ਕੀ ਕਹਿ ਕੇ ਚਿੜਾਉਣ ਲੱਗੇ ?

4. **ਦੱਸੇ ਅਨੁਸਾਰ ਸ਼ਬਦਾਂ ਨੂੰ ਮਿਲ਼ਾਓ :**

| | |
|---|---|
| ਮਿੱਤਰ | ਭਰਾ |
| ਸਦਾ | ਬਹੁਤ |
| ਵੀਰ | ਦੋਸਤ |
| ਮੀਚ | ਹਮੇਸ਼ਾਂ |
| ਬੜਾ | ਬੰਦ |

5. **ਸਮਝੋ ਤੇ ਲਿਖੋ :**



ਤੋਤਾ — ਤੋਤੀ

ਕਬੂਤਰ — ______

ਘੋੜਾ — ______

ਬਿੱਲਾ — ______

6. **ਸੁੰਦਰ ਕਰਕੇ ਲਿਖੋ :**

ਤੋਤਾ ਅਤੇ ਕਬੂਤਰ ਮਿੱਤਰ,

ਦੋਂਹਾਂ ਵਿੱਚ ਸੀ ਪਿਆਰ ਬੜਾ।

______

______

## ਰਚਨਾਤਮਿਕ ਕਾਰਜ

(ੳ) ਆਪਣੇ ਮਿੱਤਰ/ਆਪਣੀ ਸਹੇਲੀ ਬਾਰੇ ਪੰਜ ਸਤਰਾਂ ਲਿਖੋ।

1. ______


2. ______

3. ______

4. ____________________

5. ____________________

(ਅ) ਆਪਣੇ ਮਨਪਸੰਦ ਪੰਛੀਆਂ ਦੇ ਨਾਂ ਲਿਖੋ :




**ਇਸ ਕਵਿਤਾ ਨੂੰ ਜ਼ਬਾਨੀ ਯਾਦ ਕਰ ਕੇ ਆਪਣੀ ਜਮਾਤ ਵਿੱਚ ਸੁਣਾਓ।**



### ਅਧਿਆਪਕਾਂ ਲਈ

ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਜਾਵੇ ਕਿ ਉਹ ਆਸ-ਪਾਸ ਦੇ ਪੰਛੀਆਂ ਨੂੰ ਪਾਣੀ ਤੇ ਚੋਗਾ ਪਾਉਣ।

ਪਾਠ 4




# ਦੀਪੂ ਨੇ ਛੁੱਟੀ ਲਈ

ਦੀਪੂ ਤੀਜੀ ਜਮਾਤ ਵਿੱਚ ਪੜ੍ਹਦਾ ਸੀ। ਉਸ ਦਾ ਮਨ ਪੜ੍ਹਾਈ ਵਿੱਚ ਨਹੀਂ ਸੀ ਲੱਗਦਾ। ਉਸ ਦਾ ਜੀਅ ਕਰਦਾ ਕਿ ਉਹ ਸਾਰਾ ਦਿਨ ਖੇਡਦਾ ਰਹੇ, ਬੱਸ ਖੇਡਦਾ ਰਹੇ। ਤਿਤਲੀਆਂ ਨਾਲ਼, ਚਿੜੀਆਂ ਨਾਲ਼, ਕੀੜੀਆਂ ਨਾਲ਼ ਜਾਂ ਆਪਣੇ ਹਾਣ ਦੇ ਬੱਚਿਆਂ ਨਾਲ਼। ਰੋਜ਼ ਸਵੇਰੇ ਜਦੋਂ ਉਸ ਦੀ ਮੰਮੀ ਸਕੂਲ ਜਾਣ ਲਈ ਉਠਾਉਂਦੀ ਤਾਂ ਉਹ ਇੱਕੋ ਗੱਲ ਕਹਿੰਦਾ, "ਮੰਮੀ! ਅੱਜ ਮੈਨੂੰ ਛੁੱਟੀ ਲੈ ਦਿਓ।" ਉਸ ਦੀ ਮੰਮੀ ਉਸ ਨੂੰ ਜਵਾਬ ਦਿੰਦੀ, "ਤੂੰ 'ਕੱਲਾ ਕੀ ਕਰੇਂਗਾ ? ਮੈਂ ਕੰਮ 'ਤੇ ਜਾਣਾ ਹੈ, ਤੇਰੇ ਪਾਪਾ ਨੇ ਕੰਮ 'ਤੇ ਜਾਣਾ ਹੈ। ਤੇਰੇ ਨਾਲ਼ ਦੇ ਸਾਰੇ ਬੱਚੇ ਸਕੂਲ ਚਲੇ ਜਾਣਗੇ, ਤੂੰ ਖੇਡੇਂਗਾ ਵੀ ਕਿਸ ਨਾਲ਼ ? ਸਾਰੇ ਚੰਗੇ ਬੱਚੇ ਰੋਜ਼ਾਨਾ ਸਕੂਲ ਜਾਂਦੇ ਹਨ, ਪੜ੍ਹਾਈ ਕਰਦੇ ਹਨ।" ਪਰ ਦੀਪੂ ਨੂੰ ਆਪਣੀ ਮੰਮੀ ਦੀ ਗੱਲ ਸਮਝ ਨਹੀਂ ਸੀ ਆਉਂਦੀ। ਦੀਪੂ ਕਹਿੰਦਾ, "ਨਹੀਂ, ਮੇਰਾ ਨਹੀਂ ਸਕੂਲ ਜਾਣ ਨੂੰ ਜੀਅ ਕਰਦਾ, ਮੈਂ ਆਪਣੇ-ਆਪ ਖੇਡਦਾ ਰਹਾਂਗਾ; ਬੱਸ, ਤੁਸੀਂ ਮੈਨੂੰ ਸਕੂਲੋਂ ਛੁੱਟੀ ਲੈ ਦਿਓ।" ਦੀਪੂ ਦੀ ਰੋਜ਼-ਰੋਜ਼ ਦੀ ਜ਼ਿਦ ਤੋਂ ਤੰਗ ਆ ਕੇ ਇੱਕ ਦਿਨ ਦੀਪੂ ਦੀ ਮੰਮੀ ਨੇ ਦੀਪੂ ਨੂੰ ਛੁੱਟੀ ਲੈ ਦਿੱਤੀ। ਦੀਪੂ ਬਹੁਤ ਖ਼ੁਸ਼ ਹੋਇਆ ਕਿ ਅੱਜ ਉਸ ਨੂੰ ਨਾ ਤਾਂ ਸਕੂਲ ਜਾਣਾ ਪਵੇਗਾ, ਨਾ ਹੀ ਪੜ੍ਹਨਾ ਪਵੇਗਾ।

ਸਵੇਰੇ ਉੱਠ ਕੇ ਉਹ ਭੱਜਾ-ਭੱਜਾ ਬਾਗ਼ ਵਿੱਚ ਗਿਆ। ਦੀਪੂ ਨੇ ਬਾਗ਼ ਵਿੱਚ ਦੇਖਿਆ, ਮਧੂ-ਮੱਖੀਆਂ ਫੁੱਲਾਂ 'ਤੇ ਮੰਡਲਾ ਰਹੀਆਂ ਸਨ। ਦੀਪੂ ਨੇ ਇੱਕ ਮੱਖੀ ਨੂੰ ਕਿਹਾ, "ਪਿਆਰੀ ਮੱਖੀ! ਆ ਜਾ, ਮੇਰੇ ਨਾਲ਼ ਖੇਡ।" ਮੱਖੀ ਨੇ ਅੱਗੋਂ ਜਵਾਬ ਦਿੱਤਾ, "ਨਾ, ਬਈ ਨਾ, ਮੈਂ ਤਾਂ ਵਿਹਲੀ ਨਹੀਂ, ਮੈਂ ਤਾਂ ਸ਼ਹਿਦ ਇਕੱਠਾ ਕਰਨਾ ਹੈ," ਇਹ ਕਹਿ ਕੇ ਮਧੂ-ਮੱਖੀ ਆਪਣੇ ਕੰਮ ਲੱਗ ਗਈ।

ਫਿਰ ਦੀਪੂ ਦੀ ਨਜ਼ਰ ਆਪਣੇ ਗੁਆਂਢੀਆਂ ਦੇ ਕੁੱਤੇ ਮੋਤੀ 'ਤੇ ਪਈ ਜਿਹੜਾ ਤੇਜ਼-ਤੇਜ਼ ਭੱਜਿਆ ਜਾ ਰਿਹਾ ਸੀ। ਦੀਪੂ ਨੇ ਮੋਤੀ ਨੂੰ ਕਿਹਾ, "ਆ ਜਾ, ਮੋਤੀ! ਆਪਾਂ ਦੋਵੇਂ ਖੇਡੀਏ।" ਅੱਗੋਂ ਮੋਤੀ ਨੇ ਜਵਾਬ ਦਿੱਤਾ, "ਮੈਨੂੰ ਵਿਹਲ ਨਹੀਂ, ਮੈਂ ਤਾਂ ਆਪਣੇ ਮਾਲਕ ਦੇ ਘਰ ਦੀ ਰਖਵਾਲੀ ਕਰਨੀ ਹੈ, ਜਲਦੀ ਉੱਥੇ ਪਹੁੰਚਾਂ, ਕਿਧਰੇ ਚੋਰ ਹੀ ਨਾ ਆ ਜਾਵੇ।" ਇਹ ਕਹਿ ਕੇ ਮੋਤੀ ਅੱਖੋਂ ਓਹਲੇ ਹੋ ਗਿਆ।

ਫਿਰ ਦੀਪੂ ਦਾ ਧਿਆਨ ਇੱਕ ਚਿੜੀ ਵੱਲ ਗਿਆ। ਉਹ ਆਪਣੀ ਚੁੰਝ ਵਿੱਚ ਤੀਲ੍ਹਾ ਫੜੀ ਉੱਡਦੀ ਜਾ ਰਹੀ ਸੀ। ਦੀਪੂ ਨੇ ਚਿੜੀ ਨੂੰ ਕਿਹਾ, "ਆ ਭੈਣੇ, ਚਿੜੀਏ! ਆਪਾਂ ਦੋਵੇਂ ਖੇਡੀਏ।" ਚਿੜੀ ਨੇ ਕਿਹਾ, "ਮੈਨੂੰ ਤਾਂ ਸਿਰ ਖੁਰਕਣ ਦੀ ਵਿਹਲ ਨਹੀਂ, ਮੈਂ ਬਾਰਸ਼ਾਂ ਆਉਣ ਤੋਂ ਪਹਿਲਾਂ ਆਪਣਾ ਆਲ੍ਹਣਾ ਬਣਾਉਣਾ ਹੈ। ਜੇ ਮੈਂ ਤੇਰੇ ਨਾਲ਼ ਖੇਡਣ ਲੱਗ ਪਈ ਤਾਂ ਮੈਂ ਆਪਣਾ ਆਲ੍ਹਣਾ ਨਹੀਂ ਬਣਾ ਸਕਾਂਗੀ। ਤੂੰ ਤਾਂ ਲੱਗਦੈ, ਹੈਂ ਹੀ ਵਿਹਲਾ।" ਇਹ ਕਹਿ ਕੇ ਚਿੜੀ ਫੁਰਰ ਕਰ ਕੇ ਉੱਡ ਗਈ।



ਹੁਣ ਦੀਪੂ ਦੀ ਨਿਗ੍ਹਾ ਕੀੜੀਆਂ 'ਤੇ ਪਈ। ਉਹ ਆਪਣੇ ਮੂੰਹ ਵਿੱਚ ਅਨਾਜ ਦੇ ਦਾਣੇ ਚੁੱਕੀ ਕਤਾਰ ਬੰਨ੍ਹੀ ਜਾ ਰਹੀਆਂ ਸਨ। ਦੀਪੂ ਨੇ ਹੁਣ ਕੀੜੀਆਂ ਦਾ ਤਰਲਾ ਕੀਤਾ, "ਆ ਜੋ, ਨਿੱਕੀਓ ਕੀੜੀਓ! ਕੁਝ ਪਲ ਮੇਰੇ ਨਾਲ਼ ਖੇਡ ਲਵੋ! ਮੇਰਾ ਖੇਡਣ ਨੂੰ ਬੜਾ ਜੀਅ ਕਰ ਰਿਹਾ ਹੈ।" ਕੀੜੀਆਂ ਨੇ ਉੱਤਰ ਦਿੱਤਾ, "ਸਾਡਾ ਇਹ ਭੋਜਨ ਇਕੱਠਾ ਕਰਨ ਦਾ ਸਮਾਂ ਹੈ, ਅਸੀਂ ਵੱਧ ਤੋਂ ਵੱਧ ਭੋਜਨ

ਆਪਣੀਆਂ ਖੁੱਡਾਂ ਵਿੱਚ ਇਕੱਠਾ ਕਰਨਾ ਹੈ ਤਾਂਜੋ ਔਖੇ ਸਮੇਂ ਅਸੀਂ ਭੁੱਖੀਆਂ ਨਾ ਮਰੀਏ। ਸਾਨੂੰ ਵਿਹਲ ਕਿੱਥੇ ? ਅਸੀਂ ਤਾਂ ਕੰਮ ਨਾਲ਼ ਲੱਦੀਆਂ ਪਈਆਂ ਹਾਂ।" ਇਹ ਕਹਿੰਦਿਆਂ ਕੀੜੀਆਂ ਆਪਣੀ ਚਾਲੇ ਤੁਰੀਆਂ ਗਈਆਂ। ਦੀਪੂ ਉਹਨਾਂ ਨੂੰ ਦੇਖਦਾ ਰਿਹਾ।

ਦੀਪੂ ਬਹੁਤ ਉਦਾਸ ਹੋਇਆ। ਕੋਈ ਵੀ ਉਸ ਨਾਲ਼ ਖੇਡਣ ਲਈ ਤਿਆਰ ਨਹੀਂ ਸੀ। ਸਾਰੇ ਆਪਣੇ ਕੰਮੀਂ ਰੁੱਝੇ ਹੋਏ ਸਨ। ਇਕੱਲਾ ਉਹ ਹੀ ਵਿਹਲਾ ਸੀ। ਉਹ ਦੁਪਹਿਰ ਤੱਕ ਇਕੱਲਾ ਘੁੰਮਦਾ ਰਿਹਾ। ਦੁਪਹਿਰ ਨੂੰ ਜਦੋਂ ਉਸ ਦੇ ਮੰਮੀ ਘਰ ਆਏ ਤਾਂ ਦੀਪੂ ਨੇ ਉਹਨਾਂ ਦੇ ਅੰਦਰ ਆਉਣਸਾਰ ਕਿਹਾ, "ਮੰਮੀ ! ਮੈਂ ਹੁਣ ਕਦੇ ਛੁੱਟੀ ਨਹੀਂ ਲਵਾਂਗਾ, ਰੋਜ਼ ਸਕੂਲ ਜਾਵਾਂਗਾ ਤੇ ਮਨ ਲਾ ਕੇ ਪੜ੍ਹਾਂਗਾ।"

## ਪਾਠ-ਅਭਿਆਸ



**1. ਸ਼ਬਦ-ਅਰਥ :**

| | | | | | |
|---|---|---|---|---|---|
| ਹਾਣ | : | ਇੱਕੋ ਜਿੰਨੀ ਉਮਰ | ਮੰਡਲਾਉਣਾ | : | ਆਲ਼ੇ-ਦੁਆਲ਼ੇ ਘੁੰਮਣਾ |
| ਜੀਅ | : | ਦਿਲ | ਵਿਹਲ | : | ਵਾਧੂ ਸਮਾਂ |
| ਰਖਵਾਲੀ | : | ਰਾਖੀ | ਜ਼ਿਦ | : | ਅੜੀ |
| ਬਾਰਸ਼ | : | ਮੀਂਹ | ਤਰਲਾ | : | ਮਿੰਨਤ |

**2. ਮੌਖਿਕ ਪ੍ਰਸ਼ਨ :**

- **ਦੀਪੂ ਕਿਹੜੀ ਜਮਾਤ ਵਿੱਚ ਪੜ੍ਹਦਾ ਸੀ ?**
- **ਸਵੇਰੇ ਉੱਠ ਕੇ ਦੀਪੂ ਭੱਜਾ-ਭੱਜਾ ਕਿੱਥੇ ਗਿਆ ?**
- **ਕੀੜੀਆਂ ਆਪਣਾ ਭੋਜਨ ਕਿੱਥੇ ਇਕੱਠਾ ਕਰ ਰਹੀਆਂ ਸਨ ?**

**3. ਹੇਠ ਦਿੱਤੇ ਸ਼ਬਦਾਂ ਵਿੱਚੋਂ ਢੁਕਵੇਂ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :**

(ੳ) ਸਾਰੇ ...................... ਬੱਚੇ ਰੋਜ਼ਾਨਾ ਸਕੂਲ ਜਾਂਦੇ ਹਨ।

(ਅ) ਮਧੂ-ਮੱਖੀਆਂ ਫੁੱਲਾਂ 'ਤੇ ...................... ਰਹੀਆਂ ਸਨ।

(ੲ) ਮੈਂ ਆਪਣਾ ......................ਨਹੀਂ ਬਣਾ ਸਕਾਂਗੀ।

(ਸ) ਅਸੀ ਤਾਂ ਕੰਮ ਨਾਲ਼ ..................... ਪਈਆਂ ਹਾਂ।

(ਹ) ਦੀਪੂ ਨੇ ਹੁਣ ਕੀੜੀਆਂ ਦਾ ..................... ਕੀਤਾ।

(ਆਲ੍ਹਣਾ, ਤਰਲਾ, ਚੰਗੇ, ਮੰਡਲਾ, ਲੱਦੀਆਂ)

**4. ਸਮਝੋ ਤੇ ਲਿਖੋ:**

| | | | |
|---|---|---|---|
| ਚਿੜੀ | ਚਿੜੀਆਂ | ਬੱਚਾ | ਬੱਚੇ |
| ਕੀੜੀ | | ਕੁੱਤਾ | |
| ਮੱਖੀ | | ਆਲ੍ਹਣਾ | |
| ਤਿਤਲੀ | | ਦਾਣਾ | |

**5. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(ੳ) ਦੀਪੂ ਸਕੂਲ ਕਿਉਂ ਨਹੀਂ ਜਾਣਾ ਚਾਹੁੰਦਾ ਸੀ ?

(ਅ) ਮਧੂ-ਮੱਖੀਆਂ ਦੀਪੂ ਨਾਲ਼ ਕਿਉਂ ਨਹੀਂ ਖੇਡਣਾ ਚਾਹੁੰਦੀਆਂ ਸਨ ?

(ੲ) ਦੀਪੂ ਨੇ ਚਿੜੀ ਨੂੰ ਕੀ ਕਿਹਾ ?

(ਸ) ਦੀਪੂ ਉਦਾਸ ਕਿਉਂ ਹੋ ਗਿਆ ?

6. **ਅੱਗੇ 'ੳ' ਸੂਚੀ ਵਿੱਚ ਪਾਠ ਵਿੱਚ ਆਏ ਜੀਵਾਂ (ਜੀਵ-ਜੰਤੂਆਂ) ਦੇ ਨਾਂ ਦਿੱਤੇ ਹਨ। 'ਅ' ਸੂਚੀ ਵਿੱਚ ਜਿਹੜਾ-ਜਿਹੜਾ ਕੰਮ ਉਹ ਕਰ ਰਹੇ ਸਨ, ਉਹ ਕੰਮ ਲਿਖਿਆ ਗਿਆ ਹੈ। ਇਹਨਾਂ ਨੂੰ ਮੇਲੋ :**

| (ੳ) | (ਅ) |
|---|---|
| ਮਧੂ-ਮੱਖੀਆਂ | ਆਲ੍ਹਣਾ |
| ਕੁੱਤਾ | ਸ਼ਹਿਦ |
| ਚਿੜੀਆਂ | ਭੋਜਨ |
| ਕੀੜੀਆਂ | ਰਖਵਾਲੀ |

7. **ਠੀਕ ਵਾਕ ਅੱਗੇ ਸਹੀ (√) ਦਾ ਨਿਸ਼ਾਨ ਲਾਓ :**

(ੳ) ਦੀਪੂ ਸਕੂਲ ਨਹੀਂ ਜਾਣਾ ਚਾਹੁੰਦਾ ਸੀ ਕਿਉਂਕਿ-

ਉਸ ਦਾ ਸਕੂਲ ਦੂਰ ਸੀ। ☐

ਉਸ ਦਾ ਜੀਅ ਕਰਦਾ ਸੀ ਕਿ ਸਾਰਾ ਦਿਨ ਖੇਡਦਾ ਰਹੇ। ☐

ਉਸ ਨੂੰ ਸਵੇਰੇ ਜਲਦੀ ਉੱਠਣਾ ਪੈਂਦਾ ਸੀ। ☐

(ਅ) ਮਧੂ-ਮੱਖੀਆਂ ਦੀਪੂ ਨਾਲ਼ ਨਹੀਂ ਖੇਡ ਸਕਦੀਆਂ ਸਨ ਕਿਉਂਕਿ-

ਉਹਨਾਂ ਨੇ ਸ਼ਹਿਦ ਇਕੱਠਾ ਕਰਨਾ ਸੀ। ☐

ਉਹ ਥੱਕੀਆਂ ਹੋਈਆਂ ਸਨ। ☐

ਉਹਨਾਂ ਨੇ ਆਪਸ ਵਿੱਚ ਖੇਡਣਾ ਸੀ। ☐

(ੲ) ਕੁੱਤਾ ਦੀਪੂ ਨਾਲ਼ ਨਹੀਂ ਖੇਡਣਾ ਚਾਹੁੰਦਾ ਸੀ ਕਿਉਂਕਿ–

ਉਸ ਨੂੰ ਦੀਪੂ ਚੰਗਾ ਨਹੀਂ ਸੀ ਲੱਗਦਾ। ☐

ਉਸ ਦਾ ਮਾਲਕ ਘਰ ਬੈਠਾ ਹੋਇਆ ਸੀ। ☐

ਉਸ ਨੇ ਆਪਣੇ ਮਾਲਕ ਦੇ ਘਰ ਦੀ ਰਖਵਾਲੀ ਕਰਨੀ ਸੀ। ☐

(ਸ) ਚਿੜੀ ਦੀਪੂ ਨਾਲ਼ ਨਹੀਂ ਖੇਡ ਸਕਦੀ ਸੀ ਕਿਉਂਕਿ–

ਉਸ ਨੂੰ ਦੀਪੂ ਦੀ ਅਵਾਜ਼ ਨਹੀਂ ਸੁਣਾਈ ਦਿੱਤੀ ਸੀ। ☐

ਉਸ ਨੇ ਆਪਣਾ ਆਲ੍ਹਣਾ ਬਣਾਉਣਾ ਸੀ। ☐

ਉਸ ਦਾ ਆਲ੍ਹਣਾ ਡਿਗ ਪਿਆ ਸੀ। ☐

(ਹ) ਕੀੜੀਆਂ ਦੀਪੂ ਨਾਲ਼ ਨਹੀਂ ਖੇਡ ਸਕਦੀਆਂ ਸਨ ਕਿਉਂਕਿ–


ਉਹਨਾਂ ਨੇ ਆਪਣਾ ਭੋਜਨ ਇਕੱਠਾ ਕਰਨਾ ਸੀ। ☐

ਉਹ ਆਪਣੀਆਂ ਖੁੱਡਾਂ ਵਿੱਚ ਬੈਠਣਾ ਚਾਹੁੰਦੀਆਂ ਸਨ। ☐

ਉਹਨਾਂ ਨੇ ਦੂਰ ਜਾਣਾ ਸੀ। ☐

**(੮) ਦੀਪੂ ਛੁੱਟੀ ਵਾਲ਼ੇ ਦਿਨ ਕਿਸ-ਕਿਸ ਕੋਲ਼ ਖੇਡਣ ਲਈ ਗਿਆ ਤਰਤੀਬਵਾਰ ਦੱਸੋ:**









ਵਿਦਿਆਰਥੀਆਂ ਨੂੰ ਰੋਜ਼ਾਨਾ ਸਕੂਲ ਆਉਣ ਅਤੇ ਪੂਰੀ ਮਿਹਨਤ ਨਾਲ਼ ਕੰਮ ਕਰਨ ਲਈ ਪ੍ਰੇਰਿਤ ਕੀਤਾ ਜਾਵੇ।

ਪਾਠ 5

# ਵੱਡਾ ਕੌਣ ?

ਇੱਕ ਵਾਰ ਹੱਥ ਦੀਆਂ ਉਂਗਲ਼ਾਂ ਵਿੱਚ ਬਹਿਸ ਹੋ ਗਈ। ਅੰਗੂਠਾ ਆਖਣ ਲੱਗਾ, "ਮੈਂ ਸਭ ਉਂਗਲ਼ਾਂ ਵਿੱਚੋਂ ਵੱਡਾ ਹਾਂ।" ਉਹਦੇ ਨਾਲ਼ ਵਾਲ਼ੀ ਉਂਗਲ਼ ਆਖਣ ਲੱਗੀ, "ਨਹੀਂ, ਤੂੰ ਨਹੀਂ, ਸਭ ਤੋਂ ਵੱਡੀ ਮੈਂ ਹਾਂ।" ਬਾਕੀ ਤਿੰਨਾਂ ਉਂਗਲ਼ਾਂ ਨੇ ਵੀ ਇਸੇ ਤਰ੍ਹਾਂ ਆਪਣੇ-ਆਪ ਨੂੰ ਵੱਡਾ ਆਖਿਆ। ਜਦੋਂ ਫ਼ੈਸਲਾ ਨਾ ਹੋ ਸਕਿਆ ਤਾਂ ਸਾਰੇ ਪੰਚਾਇਤ ਕੋਲ਼ ਜਾ ਪੁੱਜੇ।

ਸਰਪੰਚ ਨੇ ਅੰਗੂਠੇ ਨੂੰ ਪ੍ਰਸ਼ਨ ਕੀਤਾ, "ਬਈ ਅੰਗੂਠੇ ! ਤੂੰ ਕਿਵੇਂ ਵੱਡਾ ਹੋ ਗਿਆ ?" ਅੰਗੂਠੇ ਨੇ ਆਖਿਆ, "ਮੈਂ ਸਭ ਤੋਂ ਵੱਧ ਪੜ੍ਹਿਆ-ਲਿਖਿਆ ਹਾਂ। ਅਨਪੜ੍ਹ ਲੋਕ ਦਸਖ਼ਤ ਕਰਨ ਦੀ ਥਾਂ ਮੇਰੀ ਹੀ ਵਰਤੋਂ ਕਰਦੇ ਹਨ।"

ਅੰਗੂਠੇ ਦੇ ਨਾਲ਼ ਵਾਲ਼ੀ ਉਂਗਲ਼ ਨੇ ਆਖਿਆ, "ਮੈਂ ਵੱਡੀ ਹਾਂ। ਮੈਂ ਦੱਸਦੀ ਹਾਂ ਕਿ ਪਰਮਾਤਮਾ ਇੱਕ ਹੈ। ਕਿਸੇ ਵੱਲ ਇਸ਼ਾਰਾ ਕਰਨ ਲਈ ਵੀ ਮੇਰੀ ਹੀ ਵਰਤੋਂ ਕੀਤੀ ਜਾਂਦੀ ਹੈ।"

ਉਸ ਦੇ ਨਾਲ਼ ਵਾਲੀ ਵਿਚਕਾਰਲੀ ਉਂਗਲ਼ ਨੇ ਆਖਿਆ, "ਮੈਨੂੰ ਤਾਂ ਸਾਰੇ ਵੱਡੀ ਕਹਿੰਦੇ ਹੀ ਹਨ। ਭਾਵੇਂ ਤੁਸੀਂ ਆਪ ਹੀ ਵੇਖ ਲਓ। ਕੱਦ ਵਿੱਚ ਸਭ ਤੋਂ ਵੱਡੀ ਮੈਂ ਹੀ ਹਾਂ।"

ਚੌਥੀ ਉਂਗਲ਼ ਨੇ ਆਖਿਆ, "ਮੈਂ ਇਸ ਲਈ ਵੱਡੀ ਹਾਂ ਕਿ ਮੇਰੇ ਵਿੱਚ ਲੋਕ ਸੋਨੇ, ਚਾਂਦੀ, ਹੀਰੇ ਆਦਿ ਦੀਆਂ ਅੰਗੂਠੀਆਂ ਪਾਉਂਦੇ ਹਨ।"


ਅਖੀਰ ਵਿੱਚ ਚੀਚੀ ਨੇ ਕਿਹਾ, "ਮੈਂ ਇਸ ਲਈ ਵੱਡੀ ਹਾਂ ਕਿਉਂਕਿ ਮੈਂ ਸਭ ਨਾਲ਼ ਮਿਲ਼ ਕੇ ਚੱਲਦੀ ਹਾਂ। ਮੁੱਠੀ ਮੀਚਣ ਵੇਲ਼ੇ ਭਲਾ ਮੈਂ ਕਿਹੜਾ ਪਿੱਛੇ ਰਹਿੰਦੀ ਹਾਂ। ਧਰਤੀ ਉੱਤੇ ਖਿੱਲਰੇ ਦਾਣਿਆਂ ਨੂੰ ਹੂੰਝਣ ਵੇਲ਼ੇ ਮੈਂ ਹੀ ਘਿਸਰਦੀ ਹਾਂ।"

ਪੰਚਾਇਤ ਸੋਚੀਂ ਪੈ ਗਈ। ਫਿਰ ਸਰਪੰਚ ਨੇ ਕਿਹਾ, "ਥਾਲ਼ੀ ਵਿੱਚ ਲੱਡੂ ਲੈ ਕੇ ਆਓ।" ਲੱਡੂ ਲਿਆਂਦੇ ਗਏ।

ਸਰਪੰਚ ਨੇ ਪਹਿਲਾਂ ਅੰਗੂਠੇ ਨੂੰ ਆਖਿਆ, "ਲੱਡੂ ਚੁੱਕੋ।" ਅੰਗੂਠੇ ਨੇ ਬਹੁਤ ਜਤਨ ਕੀਤਾ ਪਰ ਪਰ ਉਹ ਲੱਡੂ ਨਾ ਚੁੱਕ ਸਕਿਆ। ਫਿਰ ਅੰਗੂਠੇ ਦੇ ਨਾਲ਼ ਵਾਲ਼ੀ ਉਂਗਲ਼ ਨੂੰ ਆਖਿਆ ਗਿਆ। ਉਹ ਵੀ ਲੱਡੂ ਨਾ ਚੁੱਕ ਸਕੀ।

ਇਸ ਪ੍ਰਕਾਰ ਵਾਰੀ-ਵਾਰੀ ਸਾਰੀਆਂ ਉਂਗਲ਼ਾਂ ਨੂੰ ਲੱਡੂ ਚੁੱਕਣ ਲਈ ਆਖਿਆ ਗਿਆ। ਕੋਈ ਵੀ ਇਕੱਲੀ ਉਂਗਲ਼ ਲੱਡੂ ਨਾ ਚੁੱਕ ਸਕੀ।

ਅੰਤ ਵਿੱਚ ਸਰਪੰਚ ਨੇ ਪੰਜਾਂ ਉਂਗਲ਼ਾਂ ਨੂੰ ਆਖਿਆ, "ਹੁਣ ਤੁਸੀਂ ਸਾਰੇ ਮਿਲ਼ ਕੇ ਲੱਡੂ ਚੁੱਕੋ।" ਪੰਜਾਂ ਉਂਗਲ਼ਾਂ ਨੇ ਮਿਲ਼ ਕੇ ਲੱਡੂ ਚੁੱਕ ਲਿਆ।



ਸਰਪੰਚ ਆਖਣ ਲੱਗਾ, "ਤੁਸੀਂ ਸਾਰਿਆਂ ਨੇ ਵੱਖ-ਵੱਖ ਹੋ ਕੇ ਜਤਨ ਕੀਤਾ ਪਰ ਤੁਸੀਂ ਲੱਡੂ ਨਹੀਂ ਚੁੱਕ ਸਕੇ। ਜਦੋਂ ਸਾਰਿਆਂ ਨੇ ਮਿਲ਼ ਕੇ ਜਤਨ ਕੀਤਾ ਤਾਂ ਅਸਾਨੀ ਨਾਲ਼ ਲੱਡੂ ਚੁੱਕ ਲਿਆ। ਇਸ ਲਈ ਤੁਹਾਡੇ ਵਿੱਚੋਂ ਕੋਈ ਵੀ ਇੱਕ ਵੱਡਾ ਨਹੀਂ ਹੈ। ਤੁਸੀਂ ਮਿਲ਼ ਕੇ ਚੱਲਦੇ ਹੋ ਤਾਂ ਸਾਰੇ ਹੀ ਵੱਡੇ ਹੋ। ਇਹ ਵੀ ਸਮਝ ਲਓ ਕਿ ਏਕਤਾ ਨਾਲ਼ ਮਿਲ਼-ਜੁਲ਼ ਕੇ ਰਹੋ ਤਾਂ ਕੋਈ ਕੰਮ ਔਖਾ ਨਹੀਂ। ਏਕਤਾ ਵਿੱਚ ਹੀ ਸ਼ਕਤੀ ਹੈ।"

# ਪਾਠ-ਅਭਿਆਸ



## 1. ਸ਼ਬਦ-ਅਰਥ :

| | | | |
|---|---|---|---|
| ਬਹਿਸ : | ਦਲੀਲਬਾਜ਼ੀ/ਚਰਚਾ ਕਰਨੀ | ਅੰਗੂਠੀ : | ਮੁੰਦਰੀ |
| ਯਤਨ : | ਕੋਸ਼ਸ਼ | ਏਕਤਾ : | ਏਕਾ |
| ਪੰਚਾਇਤ : | ਫ਼ੈਸਲਾ ਕਰਨ ਲਈ ਚੁਣੇ ਹੋਏ ਲੋਕ | | |
| ਹੂੰਝਣਾ : | ਇਕੱਠਾ ਕਰਨਾ | ਘਿਸਰਦੀ : | ਰਗੜਦੀ |
| ਇਸ ਪ੍ਰਕਾਰ : | ਇਸ ਤਰ੍ਹਾਂ | ਸ਼ਕਤੀ : | ਤਾਕਤ |

## 2. ਮੌਖਿਕ ਪ੍ਰਸ਼ਨ :

- **ਅਨਪੜ੍ਹ ਲੋਕ ਦਸਖ਼ਤ ਕਰਨ ਦੀ ਥਾਂ ਕੀ ਲਾਉਂਦੇ ਹਨ ?**
- **ਸਭ ਤੋਂ ਛੋਟੀ ਉਂਗਲ਼ ਨੂੰ ਕੀ ਕਹਿੰਦੇ ਹਨ ?**
- **ਥਾਲ਼ੀ ਵਿੱਚੋਂ ਲੱਡੂ ਕਿੰਨੀਆਂ ਉਂਗਲ਼ਾਂ ਨੇ ਚੁੱਕਿਆ ?**

## 3. ਠੀਕ ਉੱਤਰ ਅੱਗੇ ਸਹੀ (√) ਦਾ ਨਿਸ਼ਾਨ ਲਾਓ :

1. ਹੱਥ ਦੀਆਂ ਉਂਗਲ਼ਾਂ ਵਿੱਚ ਕੀ ਹੋਇਆ ?

   ਪਿਆਰ ☐ ਲੜਾਈ ☐ ਬਹਿਸ ☐

2. ਸਰਪੰਚ ਨੇ ਸਭ ਤੋਂ ਪਹਿਲਾਂ ਕਿਸ ਨੂੰ ਲੱਡੂ ਚੁੱਕਣ ਲਈ ਕਿਹਾ ?

   ਵੱਡੀ ਉਂਗਲ਼ ਨੂੰ ☐ ਚੀਚੀ ਉਂਗਲ਼ ਨੂੰ ☐ ਅੰਗੂਠੇ ਨੂੰ ☐

3. ਸਰਪੰਚ ਨੇ ਉਂਗਲ਼ਾਂ ਨੂੰ ਕਿਸ ਤਰ੍ਹਾਂ ਰਹਿਣ ਲਈ ਕਿਹਾ ?

   ਅਲੱਗ-ਅਲੱਗ ☐ ਮਿਲ਼-ਜੁਲ਼ ਕੇ ☐ ਵੱਡੇ ਬਣ ਕੇ ☐

4. ਸ਼ਕਤੀ ਕਿਸ ਵਿੱਚ ਹੁੰਦੀ ਹੈ ?

   ਲੜਾਈ ਵਿੱਚ ☐ ਆਕੜ ਵਿੱਚ ☐ ਏਕਤਾ ਵਿੱਚ ☐

**4. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :**

(ੳ) ਮੈਂ ਦੱਸਦੀ ਹਾਂ ਕਿ .................... ਇੱਕ ਹੈ। (ਹੱਥ, ਪਰਮਾਤਮਾ)

(ਅ) .................... ਵਿੱਚ ਸਭ ਤੋਂ ਵੱਡੀ ਮੈਂ ਹੀ ਹਾਂ। (ਕੱਦ, ਉਮਰ)

(ੲ) ਮੇਰੇ ਵਿੱਚ ਲੋਕ ਸੋਨੇ, ਚਾਂਦੀ, ਹੀਰੇ ਆਦਿ ਦੀਆਂ .................... ਪਾਉਂਦੇ ਹਨ। (ਅੰਗੂਠੀਆਂ, ਚੂੜੀਆਂ)

(ਸ) .................... ਮੀਚਣ ਵੇਲ਼ੇ ਭਲਾ ਮੈਂ ਕਿਹੜਾ ਪਿੱਛੇ ਰਹਿੰਦਾ ਹਾਂ। (ਅੱਖਾਂ, ਮੁੱਠੀ)

(ਹ) ਪੰਜੇ ਉਂਗਲ਼ਾਂ ਨੇ ਮਿਲ਼ ਕੇ .................. ਚੁੱਕ ਲਿਆ। (ਰਸਗੁੱਲਾ, ਲੱਡੂ)

(ਕ) ਏਕਤਾ ਵਿੱਚ ਹੀ .................... ਹੈ। (ਸ਼ਕਤੀ, ਕਮਜ਼ੋਰੀ)

**5. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(ੳ) ਹੱਥ ਦੀਆਂ ਉਂਗਲ਼ਾਂ ਵਿੱਚ ਬਹਿਸ ਕਿਉਂ ਹੋਈ ?

(ਅ) ਅੰਗੂਠੇ ਨੇ ਸਰਪੰਚ ਨੂੰ ਕੀ ਕਿਹਾ ?

(ੲ) ਸਰਪੰਚ ਨੇ ਥਾਲ਼ੀ ਵਿੱਚ ਕੀ ਲਿਆਉਣ ਲਈ ਕਿਹਾ ?

(ਸ) ਕਿੰਨੀਆਂ ਉਂਗਲ਼ਾਂ ਨੇ ਮਿਲ਼ ਕੇ ਲੱਡੂ ਚੁੱਕ ਲਿਆ ?

(ਹ) ਸਰਪੰਚ ਨੇ ਏਕਤਾ ਬਾਰੇ ਕੀ ਕਿਹਾ ?

## 6. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:

ਹੱਥ :

ਫ਼ੈਸਲਾ :

ਲੱਡੂ :

ਦਸਖ਼ਤ :

ਸ਼ਕਤੀ :

## 7. ਸਮਝੋ ਤੇ ਲਿਖੋ :

| | | | |
|---|---|---|---|
| ਉਂਗਲ਼ | : ਉਂਗਲ਼ਾਂ | ਅੰਗੂਠਾ | : |
| ਦਾਣਾ | : | ਹੀਰਾ | : |

੪. ਅਧਿਆਪਕ ਪਾਠ ਵਿੱਚੋਂ ਸ਼ਬਦ ਚੁਣ ਕੇ ਬੋਲੇ ਅਤੇ ਬੱਚਿਆਂ ਨੂੰ ਲਿਖਣ ਲਈ ਕਹੇ।



## ਰਚਨਾਤਮਿਕ ਕਾਰਜ

ਅਧਿਆਪਕ ਵਿਦਿਆਰਥੀਆਂ ਨੂੰ ਸਕੂਲ ਦੇ ਮੈਦਾਨ ਵਿੱਚ ਰਿਲੇਅ-ਦੌੜ ਕਰਵਾਏ। ਜਿੱਤਣ ਵਾਲ਼ੀ ਟੀਮ ਦੇ ਆਪਸੀ ਤਾਲ-ਮੇਲ ਦੀ ਉਦਾਹਰਨ ਦੇ ਕੇ ਕਹਾਣੀ ਦਾ ਮਹਤੱਵ ਸਮਝਾਏ।

ਪਾਠ 6

# ਰੇਲਗੱਡੀ ਆਈ



ਰੇਲਗੱਡੀ ਆਈ
ਵੇਖੋ ! ਰੇਲਗੱਡੀ ਆਈ।
ਗੱਡੀ ਅਸੀਂ ਸਾਰਿਆਂ ਨੇ
ਆਪ ਹੀ ਬਣਾਈ।

ਇੰਜਣ ਦੀ ਥਾਂ ਅਸੀਂ,
ਤੇਜੇ ਨੂੰ ਖੜ੍ਹਾਇਆ।
ਛੋਟੀ ਰੇਸ਼ਮਾ ਦਾ ਡੱਬਾ,
ਗਾਰਡ ਦਾ ਬਣਾਇਆ।



ਉਹਨਾਂ ਦੇ ਵਿਚਾਲ਼ੇ ਆਏ
ਵਿੱਕੀ, ਅਵਤਾਰ।
ਉਹਨਾਂ ਪਿੱਛੇ ਲਈ
ਅਸੀਂ ਦੇਵਕੀ ਖਲ੍ਹਾਰ।

ਦੇਵਕੀ ਦੇ ਪਿੱਛੇ ਗਈ
ਮਿੰਦਰੋ ਖਲ੍ਹਾਰੀ।
ਫੇਰ ਜਾ ਕੇ ਆਈ
ਰੌਣਕੀ ਦੀ ਵਾਰੀ।

ਜਦੋਂ ਅਸੀਂ ਫੜੇ
ਇੱਕ-ਦੂਸਰੇ ਦੇ ਝੱਗੇ।
ਬਣ ਗਈ ਕਤਾਰ ਸਾਡੀ
ਗੱਡੀ ਵਾਂਗ ਲੱਗੇ।

ਗੱਡੀ ਵਾਂਗ ਸਾਰਿਆਂ ਨੇ
ਛੁਕ-ਛੁਕ ਲਾਈ।
ਖੇਡ ਦੇ ਮੈਦਾਨ ਵਿੱਚ
ਰੇਲਗੱਡੀ ਆਈ।

ਗਾਰਡ ਬਣ ਰੇਸ਼ਮਾ ਨੇ
ਝੰਡੀ ਨੂੰ ਹਿਲਾਇਆ
ਕੂਕ ਮਾਰ ਤੇਜੇ ਨੇ
ਗੱਡੀ ਨੂੰ ਭਜਾਇਆ।

ਤੇਜੇ ਪਿੱਛੇ ਦੌੜੇ ਸਾਰੇ
ਬੱਚਿਆਂ ਦੇ ਡੱਬੇ।
ਰਿੜ੍ਹੇ ਜਾਣ ਇਵੇਂ ਸਾਰੇ
ਹਝੋਕਾ ਵੀ ਨਾ ਲੱਗੇ।

## ਪਾਠ-ਅਭਿਆਸ



### 1. ਸ਼ਬਦ-ਅਰਥ:

**ਖਲ੍ਹਾਰ** : ਖੜ੍ਹਾ

**ਹਝੋਕਾ** : ਹੁਝਕਾ ਝਟਕਾ

**ਗਾਰਡ** : ਰੇਲਗੱਡੀ ਦੀ ਨਿਗਰਾਨੀ ਕਰਨ ਵਾਲ਼ਾ

### 2. ਠੀਕ ਉੱਤਰ ਅੱਗੇ ਸਹੀ (√) ਦਾ ਨਿਸ਼ਾਨ ਲਾਓ :

1. ਬੱਚਿਆਂ ਨੇ ਰਲ਼ ਕੇ ਕੀ ਬਣਾਇਆ ?

   ਬੈਲ-ਗੱਡੀ ☐ ਰੇਲਗੱਡੀ ☐ ਜਹਾਜ਼ ☐

2. ਝੰਡੀ ਨੂੰ ਕਿਸ ਨੇ ਹਿਲਾਇਆ ਸੀ ?

   ਦੇਵਕੀ ☐ ਰੇਸ਼ਮਾ ☐ ਮਿੰਦਰੋ ☐

3. ਸਾਰੇ ਬੱਚਿਆਂ ਨੇ ਕਿਹੋ-ਜਿਹੀ ਅਵਾਜ਼ ਕੱਢੀ ?

   ਟੀਂ-ਟੀਂ ☐ ਠੁਕ-ਠੁਕ ☐ ਛੁਕ-ਛੁਕ ☐

4. ਇੰਜਣ ਦੀ ਥਾਂ 'ਤੇ ਕਿਸ ਨੂੰ ਖੜ੍ਹਾਇਆ ਗਿਆ ?

   ਅਵਤਾਰ ਨੂੰ ☐ ਰੇਸ਼ਮਾ ਨੂੰ ☐ ਤੇਜੇ ਨੂੰ ☐

5. ਰੇਲਗੱਡੀ ਦੀ ਨਿਗਰਾਨੀ ਕਰਨ ਵਾਲ਼ੇ ਨੂੰ ਕਿਹਾ ਜਾਂਦਾ ਹੈ ?

   ਇੰਜਣ ☐ ਗਾਰਡ ☐ ਸਵਾਰੀ ☐

3. **ਹੇਠ ਲਿਖੀਆਂ ਸਤਰਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:**

(ੳ) ਗੱਡੀ ਅਸੀਂ ਸਾਰਿਆਂ ਨੇ

ਆਪ ਹੀ ਬਣਾਈ।

— ਖੇਡਣ ਵੇਲ਼ੇ ਰੇਲਗੱਡੀ ਕਿਨ੍ਹਾਂ ਨੇ ਬਣਾਈ ?

(ਅ) ਇੰਜਣ ਦੀ ਥਾਂ ਅਸੀਂ

ਤੇਜੇ ਨੂੰ ਖੜ੍ਹਾਇਆ।

ਛੋਟੀ ਰੇਸ਼ਮਾ ਦਾ ਡੱਬਾ

ਗਾਰਡ ਦਾ ਬਣਾਇਆ।

— ਰੇਲਗੱਡੀ ਦਾ ਇੰਜਣ ਅਤੇ ਗਾਰਡ ਕਿਸ-ਕਿਸ ਨੂੰ ਬਣਾਇਆ ਗਿਆ ?

4. **ਰੇਲਗੱਡੀ ਦੀ ਖੇਡ ਕਿਸ-ਕਿਸ ਨੇ ਖੇਡੀ ?**

5. **ਦੱਸੇ ਅਨੁਸਾਰ ਸ਼ਬਦਾਂ ਨੂੰ ਮਿਲ਼ਾਓ :**


| | |
|---|---|
| ਦੌੜੇ | ਕਮੀਜ਼ |
| ਝੱਗੇ | ਚੀਕ |
| ਕਤਾਰ | ਭੱਜੇ |
| ਕੂਕ | ਲਾਈਨ |

**ਕਵਿਤਾ ਨੂੰ ਜ਼ਬਾਨੀ ਗਾ ਕੇ ਜਮਾਤ ਵਿੱਚ ਸੁਣਾਓ।**

## ਰਚਨਾਤਮਿਕ ਕਾਰਜ

ਰੇਲਗੱਡੀ ਬਾਰੇ ਪੰਜ ਵਾਕ ਬੋਲੋ।

ਰੰਗ ਭਰੋ :—



ਪਾਠ 7

# ਦਰਿਆ ਨੇ ਕਿਹਾ

ਬਿਰਖੂ ਇੱਕ ਲੱਕੜਹਾਰਾ ਸੀ। ਉਹ ਦਰਿਆ ਦੇ ਉਸ ਪਾਰ ਰੁੱਖਾਂ ਦੀ ਇੱਕ ਰੱਖ 'ਚ ਲੱਕੜਾਂ ਕੱਟਣ ਜਾਇਆ ਕਰਦਾ ਸੀ। ਉਹ ਸਾਰਾ ਦਿਨ ਮਿਹਨਤ ਕਰਦਾ ਤੇ ਸ਼ਾਮ ਨੂੰ ਦਰਿਆ ਦੇ ਇਸ ਪਾਰ ਆਪਣੇ ਘਰ ਮੁੜ ਆਉਂਦਾ।

ਇੱਕ ਦਿਨ ਦਰਿਆ ਚੜ੍ਹਿਆ ਹੋਇਆ ਸੀ। ਬਿਰਖੂ ਜਦੋਂ ਵਾਪਸ ਘਰ ਪਰਤ ਰਿਹਾ ਸੀ ਤਾਂ ਦਰਿਆ ਪਾਰ ਕਰਦਿਆਂ ਇੱਕ ਛੱਲ ਆਈ। ਉਸ ਦੀ ਕੁਹਾੜੀ ਹੱਥੋਂ ਛੁੱਟ ਕੇ ਦਰਿਆ ਵਿੱਚ ਜਾ ਡਿਗੀ।

ਬਿਰਖੂ ਨੇ ਦਰਿਆ ਨੂੰ ਕਿਹਾ, "ਦਰਿਆ! ਦਰਿਆ! ਮੇਰੀ ਕੁਹਾੜੀ ਮੈਨੂੰ ਮੋੜ ਦੇ।" ਮੇਰੇ ਕੋਲ਼ ਏਨੇ ਪੈਸੇ ਨਹੀਂ ਕਿ ਮੈਂ ਨਵੀਂ ਕੁਹਾੜੀ ਲੈ ਸਕਾਂ। ਇਹ ਕੁਹਾੜੀ ਅਜੇ ਮੈਂ ਕੱਲ੍ਹ ਹੀ ਖ਼ਰੀਦੀ ਸੀ। ਪਿਆਰੇ ਦਰਿਆ! ਮੇਰੀ ਕੁਹਾੜੀ ਕੱਢ ਦੇ ਤਾਂਜੋ ਕੱਲ੍ਹ ਮੈਂ ਆਪਣੇ ਕੰਮ 'ਤੇ ਜਾ ਸਕਾਂ।"

ਦਰਿਆ ਵਿੱਚੋਂ ਅਵਾਜ਼ ਆਈ, "ਬਿਰਖੂ! ਜਦੋਂ ਦਰਿਆ ਚੜ੍ਹੇ ਤਾਂ ਸੰਭਲ਼ ਕੇ ਇਹਨੂੰ ਪਾਰ ਕਰੋ। ਦਰਿਆ ਵਿੱਚ ਤਿੰਨ ਕੁਹਾੜੀਆਂ ਡਿਗੀਆਂ ਨੇ। ਇੱਕ ਸੋਨੇ ਦੀ ਏ, ਇੱਕ ਚਾਂਦੀ ਦੀ ਏ ਤੇ ਇੱਕ ਕੁਹਾੜੀ ਲੋਹੇ ਦੀ। ਇਹਨਾਂ ਵਿੱਚੋਂ ਇੱਕ ਨੂੰ ਲੱਕੜ ਦਾ ਮੁੱਠਾ ਲੱਗਾ ਹੋਇਆ ਏ। ਤੇਰੀ ਕੁਹਾੜੀ ਕਿਹੜੀ ਏ?" ਦਰਿਆ ਦੀਆਂ ਛੱਲਾਂ ਉੱਠੀਆਂ ਤਾਂ ਤਿੰਨੇ ਕੁਹਾੜੀਆਂ ਕਿਨਾਰੇ ਨਾਲ਼ ਆ ਲੱਗੀਆਂ। "ਬਿਰਖੂ! ਇਹਨਾਂ ਕੁਹਾੜੀਆਂ ਨੂੰ ਹੱਥ ਪਾ ਕੇ ਕੱਢ ਲੈ ਤੇ ਆਪਣੀ ਕੁਹਾੜੀ ਨੂੰ ਪਛਾਣ ਲੈ," ਦਰਿਆ ਨੇ ਕਿਹਾ।

ਬਿਰਖੂ ਲੱਕੜਹਾਰੇ ਨੇ ਕਿਨਾਰੇ ਨਾਲ਼ ਆ ਲੱਗੀਆਂ ਤਿੰਨੇ ਕੁਹਾੜੀਆਂ ਨੂੰ ਬਾਹਰ ਕੱਢ ਲਿਆ। ਸੋਨੇ-ਚਾਂਦੀ ਦੀਆਂ ਕੁਹਾੜੀਆਂ ਚਮਕ ਰਹੀਆਂ ਸਨ। ਉਸ ਦੀ ਲੋਹੇ ਦੀ ਕੁਹਾੜੀ ਵੀ ਉਹਨਾਂ ਵਿੱਚ ਹੀ ਸੀ। ਬਿਰਖੂ ਆਪਣੀ ਕੁਹਾੜੀ ਵੇਖ ਕੇ ਖਿੜ ਗਿਆ। ਉਹਨੇ ਦਰਿਆ ਨੂੰ ਕਿਹਾ, "ਪਿਆਰੇ, ਚੰਗੇ ਦਰਿਆ! ਸੋਨੇ ਤੇ ਚਾਂਦੀ ਦੀਆਂ ਕੁਹਾੜੀਆਂ ਮੇਰੀਆਂ ਨਹੀਂ। ਇਹ ਲੋਹੇ ਵਾਲ਼ੀ ਕੁਹਾੜੀ ਹੀ ਮੇਰੀ ਹੈ।"

"ਤੂੰ ਮਿਹਨਤੀ ਹੋਣ ਦੇ ਨਾਲ਼-ਨਾਲ਼ ਸੱਚਾ ਵੀ ਏਂ।"

ਦਰਿਆ ਨੇ ਕਿਹਾ, "ਬਿਰਖੂ! ਤੂੰ ਭਾਵੇਂ ਸਾਰੀਆਂ ਹੀ ਕੁਹਾੜੀਆਂ ਰੱਖ ਲੈ।"

ਬਿਰਖੂ ਲੱਕੜਹਾਰਾ ਬਹੁਤ ਖ਼ੁਸ਼ ਹੋਇਆ।

ਉਹ ਕੁਹਾੜੀਆਂ ਚੁੱਕ ਕੇ ਤੁਰਨ ਲੱਗਾ ਤਾਂ ਦਰਿਆ ਨੇ ਕਿਹਾ, "ਚੰਗੇ ਬਿਰਖੂ! ਮੇਰੀ ਇੱਕ ਗੱਲ ਸੁਣਦਾ ਜਾਈਂ! ਜੰਗਲ਼-ਬੇਲੇ ਤੇ ਰੁੱਖਾਂ ਦੀਆਂ ਰੱਖਾਂ, ਧਰਤੀ ਦੀ ਰੌਣਕ ਹਨ। ਇਹ ਸਾਨੂੰ ਫਲ਼-ਫੁੱਲ ਦੇਂਦੇ ਹਨ, ਲੱਕੜ ਦੇਂਦੇ ਹਨ, ਜੜ੍ਹੀਆਂ-ਬੂਟੀਆਂ ਦੇਂਦੇ ਹਨ, ਛਾਂਵਾਂ ਦੇਂਦੇ ਹਨ। ਇਹਨਾਂ ਜੰਗਲ਼ਾਂ ਕਾਰਨ, ਰੁੱਖਾਂ-ਬਿਰਖਾਂ ਕਾਰਨ ਹੀ ਮੀਂਹ ਪੈਂਦੇ ਹਨ। ਨਦੀਆਂ 'ਚ ਪਾਣੀ ਵਹਿੰਦਾ ਹੈ ਤੇ ਮੈਂ ਸੁੱਕਦਾ ਨਹੀਂ।



ਦਰਿਆ ਨੇ ਫਿਰ ਕਿਹਾ, "ਬਿਰਖੂ! ਤੂੰ ਲੱਕੜਾਂ ਕੱਟਣ ਦੇ ਨਾਲ਼-ਨਾਲ਼ ਰੁੱਖ ਲਾਇਆ ਵੀ ਕਰ। ਵੱਧ ਤੋਂ ਵੱਧ ਰੁੱਖ ਲਾਓ, ਧਰਤੀ ਨੂੰ ਹਰਾ-ਭਰਾ ਰੱਖੋ। ਹਰ ਕੋਈ ਰੁੱਖ ਉਗਾਏ, ਰੁੱਖ ਲਾਏ।"

# ਪਾਠ-ਅਭਿਆਸ



**1. ਸ਼ਬਦ-ਅਰਥ :**

| | | | | | |
|---|---|---|---|---|---|
| ਰੱਖ | : | ਜੰਗਲ਼ | ਦਰਿਆ | : | ਨਦੀ |
| ਪਰਤ ਰਿਹਾ | : | ਮੁੜ ਰਿਹਾ | ਛੱਲ | : | ਲਹਿਰ |
| ਖਿੜ ਪਿਆ | : | ਖ਼ੁਸ਼ ਹੋ ਗਿਆ | ਸੰਭਲ਼ ਕੇ | : | ਧਿਆਨ ਨਾਲ਼ |
| ਮੁੱਠਾ | : | ਹੱਥਾ | ਵਹਿੰਦਾ | : | ਵਗਦਾ |

**2. ਮੌਖਿਕ ਪ੍ਰਸ਼ਨ :**

- **ਲੱਕੜਾਂ ਕੱਟਣ ਵਾਲ਼ੇ ਨੂੰ ਕੀ ਕਿਹਾ ਜਾਂਦਾ ਹੈ ?**
- **ਜੰਗਲ਼ ਸਾਨੂੰ ਕੀ ਦਿੰਦੇ ਹਨ ?**
- **ਧਰਤੀ ਨੂੰ ਹਰਿਆ-ਭਰਿਆ ਰੱਖਣ ਲਈ ਕੀ ਕਰਨਾ ਚਾਹੀਦਾ ਹੈ ?**

**3. ਠੀਕ ਉੱਤਰ ਅੱਗੇ ਸਹੀ (√) ਦਾ ਨਿਸ਼ਾਨ ਅਤੇ ਗ਼ਲਤ ਵਾਕਾਂ ਅੱਗੇ ਗ਼ਲਤ (×) ਦਾ ਨਿਸ਼ਾਨ ਲਾਓ :**

1. ਬਿਰਖੂ ਦੀ ਕੁਹਾੜੀ ਚਾਂਦੀ ਦੀ ਸੀ। ☐
2. ਬਿਰਖੂ ਇੱਕ ਲੱਕੜਹਾਰਾ ਸੀ। ☐
3. ਧਰਤੀ ਨੂੰ ਹਰਾ-ਭਰਾ ਰੱਖਣ ਲਈ ਰੁੱਖਾਂ ਨੂੰ ਕੱਟਣਾ ਚਾਹੀਦਾ ਹੈ। ☐
4. ਦਰਿਆ ਨੇ ਬਿਰਖੂ ਨੂੰ ਰੁੱਖ ਲਾਉਣ ਦੀ ਨਸੀਹਤ ਦਿੱਤੀ। ☐

**4. ਖ਼ਾਲੀ ਥਾਂਵਾਂ ਭਰੋ :**

(ੳ) ਬਿਰਖੂ ਰੁੱਖਾਂ ਦੀ ਇੱਕ ............ 'ਚ ਲੱਕੜਾਂ ਕੱਟਣ ਜਾਇਆ ਕਰਦਾ ਸੀ।

(ਅ) ਜਦੋਂ ਦਰਿਆ ਚੜ੍ਹੇ ਤਾਂ ਸੰਭਲ਼ ਕੇ ਇਸ ਨੂੰ .................... ਕਰੋ।

(ੲ) ਦਰਿਆ ਵਿੱਚ .................... ਕੁਹਾੜੀਆਂ ਡਿਗੀਆਂ ਨੇ।

(ਸ) ਬਿਰਖੂ ਆਪਣੀ ਕੁਹਾੜੀ ਵੇਖ ਕੇ .................... ਪਿਆ।

(ਹ) ਵੱਧ ਤੋਂ ਵੱਧ ਰੁੱਖ ਲਾਓ, ਧਰਤੀ ਨੂੰ .................... ਰੱਖੋ।

(ਖਿੜ, ਤਿੰਨ, ਪਾਰ, ਰੱਖ, ਹਰਾ-ਭਰਾ)

5. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

(ੳ) ਬਿਰਖੂ ਕੀ ਕੰਮ ਕਰਦਾ ਸੀ ?

(ਅ) ਬਿਰਖੂ ਦੀ ਕੁਹਾੜੀ ਹੱਥੋਂ ਛੁੱਟ ਕੇ ਕਿੱਥੇ ਡਿਗ ਪਈ ?

(ੲ) ਬਿਰਖੂ ਨੇ ਦਰਿਆ ਨੂੰ ਕੀ ਬੇਨਤੀ ਕੀਤੀ ?

(ਸ) ਦਰਿਆ ਵਿੱਚ ਕਿਹੜੀਆਂ-ਕਿਹੜੀਆਂ ਕੁਹਾੜੀਆਂ ਸਨ ?

(ਹ) ਦਰਿਆ ਨੇ ਬਿਰਖੂ ਦੀ ਸਚਾਈ ਤੇ ਇਮਾਨਦਾਰੀ ਤੋਂ ਖ਼ੁਸ਼ ਹੋ ਕੇ ਉਸ ਨੂੰ ਕੀ ਦਿੱਤਾ ?

(ਕ) ਦਰਿਆ ਨੇ ਬਿਰਖ ਨੂੰ ਕੀ ਨਸੀਹਤ ਦਿੱਤੀ ?

## 6. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:

ਲੱਕੜਹਾਰਾ :

ਦਰਿਆ :

ਜੰਗਲ਼ :

ਕੁਹਾੜੀ :

ਮਿਹਨਤੀ :

ਰੁੱਖ :

ਧਰਤੀ :


## 7. ਸਮਝੋ ਤੇ ਲਿਖੋ:

| | |
|---|---|
| ਰੁੱਖ | ਰੁੱਖਾਂ |
| ਲੱਕੜ | .................... |
| ਕੁਹਾੜੀ | .................... |
| ਛੱਲ | .................... |
| ਬੂਟੀ | .................... |



## ੪. ਰਚਨਾਤਮਿਕ ਪਰਖ :

ਰੁੱਖਾਂ ਤੋਂ ਸਾਨੂੰ ਕੀ-ਕੀ ਮਿਲ਼ਦਾ ਹੈ ?






ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਜਾਵੇ ਕਿ ਉਹ ਵਾਤਾਵਰਨ ਦੀ ਸੰਭਾਲ਼ ਲਈ ਰੁੱਖ ਲਾਉਣ।

ਪਾਠ 8

# ਦੇਖੋ, ਠਹਿਰੋ ਤੇ ਜਾਓ

ਮੀਨੂੰ ਤੇ ਟਿੰਕੂ ਪਹਿਲੀ ਵਾਰ ਚੰਡੀਗੜ੍ਹ ਆਏ ਸਨ। ਉਹਨਾਂ ਦੇ ਮਾਮਾ ਜੀ ਚੰਡੀਗੜ੍ਹ ਰਹਿੰਦੇ ਸਨ। ਮਾਮਾ ਜੀ ਦਾ ਇੱਕ ਪੁੱਤਰ ਸੀ ਜਿਸ ਦਾ ਨਾਂ ਸਿਮਰਨ ਸੀ। ਉਹ ਮੀਨੂੰ ਤੇ ਟਿੰਕੂ ਤੋਂ ਥੋੜ੍ਹਾ ਵੱਡਾ ਸੀ। ਸ਼ਾਮ ਨੂੰ ਸਿਮਰਨ ਉਹਨਾਂ ਨੂੰ ਬਜ਼ਾਰ ਘੁਮਾਉਣ ਲਈ ਲੈ ਗਿਆ। ਬਜ਼ਾਰ ਉਹਨਾਂ ਦੇ ਘਰ ਤੋਂ ਥੋੜ੍ਹੀ ਹੀ ਦੂਰ ਸੀ। ਬਜ਼ਾਰ ਜਾਣ ਲਈ ਉਹਨਾਂ ਨੇ ਇੱਕ ਸੜਕ ਪਾਰ ਕਰਨੀ ਸੀ।

ਸੜਕ ਉੱਤੇ ਸਾਈਕਲਾਂ, ਸਕੂਟਰਾਂ, ਕਾਰਾਂ, ਟੈਂਪੂਆਂ ਅਤੇ ਰਿਕਸ਼ਿਆਂ ਦੀ ਭੀੜ ਸੀ। ਪੈਦਲ ਜਾਣ ਵਾਲ਼ੇ ਲੋਕਾਂ ਦੀ ਵੀ ਕਾਫ਼ੀ ਭੀੜ ਸੀ। ਤੁਰਦਿਆਂ-ਤੁਰਦਿਆਂ ਮੀਨੂੰ ਨੇ ਕਿਹਾ, "ਦੇਖੋ ਵੀਰੇ! ਸਾਮ੍ਹਣੇ ਕੀ ਹੋ ਰਿਹਾ ਹੈ?"

ਟਿੰਕੂ ਨੇ ਸਾਮ੍ਹਣੇ ਦੇਖਿਆ। ਚੌਂਕ 'ਤੇ ਚਾਰ ਖੰਭੇ ਲੱਗੇ ਹੋਏ ਸਨ। ਇੱਕ ਖੰਭੇ ਉੱਤੇ ਕਦੇ ਲਾਲ ਬੱਤੀ ਜਗਦੀ ਸੀ, ਕਦੇ ਪੀਲ਼ੀ ਤੇ ਕਦੇ ਹਰੇ ਰੰਗ ਦੀ ਬੱਤੀ ਜਗਦੀ ਸੀ। ਮੀਨੂੰ ਤੇ ਟਿੰਕੂ ਹੈਰਾਨ ਹੋ ਗਏ। ਉਹ ਇੱਧਰ-ਉੱਧਰ ਦੇਖਣ ਲੱਗੇ ਕਿ ਇਹਨਾਂ ਬੱਤੀਆਂ ਨੂੰ ਕੌਣ ਜਗਾ-ਬੁਝਾ ਰਿਹਾ ਹੈ ਪਰ ਉੱਥੇ ਤਾਂ ਕੋਈ ਨਹੀਂ ਸੀ। ਸਾਈਕਲਾਂ, ਸਕੂਟਰਾਂ ਤੇ ਕਾਰਾਂ ਵਾਲ਼ੇ ਲਾਲ ਰੰਗ ਦੀ ਬੱਤੀ ਦੇਖ ਕੇ ਰੁਕ ਜਾਂਦੇ ਸਨ। ਹਰੀ ਬੱਤੀ ਦੇ ਜਗਦਿਆਂ ਹੀ ਸਭ ਚੱਲ ਪੈਂਦੇ ਸਨ। ਦੋਂਹਾਂ ਦੀ ਸਮਝ ਵਿੱਚ ਕੁਝ ਨਹੀਂ ਆ ਰਿਹਾ ਸੀ। ਉਹ ਕੁਝ ਦੇਰ ਖੜ੍ਹੇ ਇਹ ਸਭ ਕੁਝ ਦੇਖਦੇ ਰਹੇ।

ਸਿਮਰਨ ਕੁਝ ਕਹਿਣ ਹੀ ਲੱਗਾ ਸੀ ਕਿ ਏਨੇ ਨੂੰ ਮੀਨੂੰ ਤੇ ਟਿੰਕੂ ਨੇ ਸਿਮਰਨ ਤੋਂ ਬੱਤੀਆਂ ਬਾਰੇ ਪੁੱਛਿਆ, "ਇਹ ਕਿਉਂ ਲਾਈਆਂ ਹਨ ਤੇ ਇਹ ਕਿਵੇਂ ਜਗਦੀਆਂ ਤੇ ਬੁਝਦੀਆਂ ਹਨ?"

ਸਿਮਰਨ ਤਾਂ ਪਹਿਲਾਂ ਹੀ ਉਹਨਾਂ ਨੂੰ ਇਹਨਾਂ ਬੱਤੀਆਂ ਬਾਰੇ ਦੱਸਣਾ ਚਾਹੁੰਦਾ ਸੀ। ਉਸ ਨੇ ਦੱਸਿਆ ਕਿ ਇਹ ਬੱਤੀਆਂ ਆਵਾਜਾਈ ਨੂੰ ਚੰਗੀ ਤਰ੍ਹਾਂ ਚਲਾਉਣ ਲਈ ਹਨ। "ਦੇਖੋ, ਅਹੁ ਲਾਲ ਬੱਤੀ ਹੋ ਗਈ ਹੈ। ਇੱਧਰੋਂ ਜਾਣ ਵਾਲ਼ੇ ਸਾਰੇ ਰੁਕ ਗਏ ਹਨ। ਪੀਲ਼ੀ ਬੱਤੀ ਹੋਣ ਉੱਤੇ ਇਹ ਸਭ ਚੱਲਣ ਲਈ ਤਿਆਰ ਹੋਣਗੇ ਤੇ ਹਰੀ ਬੱਤੀ ਹੋਣ ਨਾਲ਼ ਸਭ ਚੱਲ ਪੈਣਗੇ। ਇਸ ਤਰ੍ਹਾਂ ਕਰਨ ਨਾਲ਼ ਸੜਕ ਉੱਤੇ ਕੋਈ ਦੁਰਘਟਨਾ ਨਹੀਂ ਹੁੰਦੀ।"

ਸਿਮਰਨ ਨੇ ਉਹਨਾਂ ਨੂੰ ਸੜਕ ਉੱਤੇ ਚੱਲਣ ਦੇ ਹੋਰ ਵੀ ਕਈ ਨਿਯਮ ਸਮਝਾਏ। ਸਿਮਰਨ ਨੇ ਦੱਸਿਆ, "ਸਾਨੂੰ ਸਦਾ ਆਪਣੇ ਖੱਬੇ ਹੱਥ ਚੱਲਣਾ ਚਾਹੀਦਾ ਹੈ। ਸੜਕ ਪਾਰ ਕਰਦੇ ਸਮੇਂ ਕਾਹਲ਼ੀ

ਨਹੀਂ ਕਰਨੀ ਚਾਹੀਦੀ। ਸਾਨੂੰ ਪਹਿਲਾਂ ਆਪਣੇ ਸੱਜੇ ਪਾਸੇ ਦੇਖਣਾ ਚਾਹੀਦਾ ਹੈ। ਫਿਰ ਅੱਧੀ ਸੜਕ ਪਾਰ ਕਰਨ ਬਾਅਦ ਖੱਬੇ ਪਾਸੇ ਦੇਖਣਾ ਚਾਹੀਦਾ ਹੈ। ਜੇਕਰ ਸੜਕ ਖ਼ਾਲੀ ਨਾ ਹੋਵੇ ਤਾਂ ਸਾਨੂੰ ਰੁਕ ਜਾਣਾ ਚਾਹੀਦਾ ਹੈ। ਚੌਕ ਵਿੱਚ ਪੈਦਲ ਚੱਲਣ ਵਾਲ਼ਿਆਂ ਲਈ ਸੜਕ ਉੱਤੇ ਨਿਸ਼ਾਨ ਲੱਗੇ ਹੁੰਦੇ ਹਨ, ਇਹਨਾਂ ਨੂੰ "ਜ਼ੈਬਰਾ-ਕ੍ਰਾਸਿੰਗ" ਕਹਿੰਦੇ ਹਨ।



ਸਿਮਰਨ ਨੇ ਇਹ ਵੀ ਦੱਸਿਆ ਕਿ ਜੇਕਰ ਕਿਸੇ ਚੌਕ ਵਿੱਚ ਸਿਪਾਹੀ ਖੜ੍ਹਾ ਹੋਵੇ ਤਾਂ ਸਾਨੂੰ ਉਸ ਦੇ ਹੱਥਾਂ ਦੇ ਇਸ਼ਾਰਿਆਂ ਅਨੁਸਾਰ ਚੱਲਣਾ ਚਾਹੀਦਾ ਹੈ। ਅੱਜ-ਕੱਲ੍ਹ ਦੇ ਸਕੂਲਾਂ ਦੇ ਬੱਚਿਆਂ ਨੂੰ ਤਾਂ ਇਸ ਬਾਰੇ ਸਿਖਲਾਈ ਵੀ ਦਿੱਤੀ ਜਾਂਦੀ ਹੈ।

ਮੀਨੂੰ ਤੇ ਟਿੰਕੂ ਨੇ ਕਿਹਾ, "ਵੀਰ ਜੀ! ਹੁਣ ਅਸੀਂ ਸਭ ਸਮਝ ਗਏ ਹਾਂ।" "ਇਸੇ ਖ਼ੁਸ਼ੀ ਵਿੱਚ ਬਜ਼ਾਰੋਂ ਆਈਸ-ਕ੍ਰੀਮ ਖਾਂਦੇ ਹਾਂ," ਸਿਮਰਨ ਨੇ ਕਿਹਾ। ਆਈਸ-ਕ੍ਰੀਮ ਦਾ ਨਾਂ ਸੁਣ ਕੇ ਮੀਨੂੰ ਤੇ ਟਿੰਕੂ ਖ਼ੁਸ਼ੀ-ਖ਼ੁਸ਼ੀ ਬਜ਼ਾਰ ਵੱਲ ਤੁਰ ਪਏ।

# ਪਾਠ-ਅਭਿਆਸ



**1. ਸ਼ਬਦ-ਅਰਥ**

| | | | |
|---|---|---|---|
| ਆਵਾਜਾਈ | : ਆਉਣਾ-ਜਾਣਾ | ਦੁਰਘਟਨਾ | : ਮਾੜੀ ਘਟਨਾ |
| ਪੈਦਲ | : ਤੁਰ ਕੇ | ਕਾਹਲ਼ੀ | : ਜਲਦੀ |
| ਚੌਕ | : ਜਿੱਥੋਂ ਚਾਰੇ ਦਿਸ਼ਾਵਾਂ ਨੂੰ ਸੜਕਾਂ ਨਿਕਲ਼ਦੀਆਂ ਹੋਣ। | | |

**2. ਮੌਖਿਕ ਪ੍ਰਸ਼ਨ :**

- **ਮੀਨੂੰ ਅਤੇ ਟਿੰਕੂ ਪਹਿਲੀ ਵਾਰ ਕਿੱਥੇ ਆਏ ਸਨ ?**
- **ਚੌਕ ਵਿੱਚ ਕਿੰਨੇ ਖੰਭੇ ਲੱਗੇ ਹੋਏ ਸਨ ?**
- **ਚੌਕ ਵਿੱਚ ਪੈਦਲ ਸੜਕ ਪਾਰ ਕਰਨ ਲਈ ਲੱਗੇ ਨਿਸ਼ਾਨਾਂ ਨੂੰ ਕੀ ਕਹਿੰਦੇ ਹਨ ?**

**3. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :**

(ੳ) ਚੌਕ ਦੀਆਂ ਬੱਤੀਆਂ ਸਾਡੀ .............. ਲਈ ਹਨ। (ਰੁਕਾਵਟ, ਸਹੂਲਤ)

(ਅ) ਸਾਨੂੰ ਹਮੇਸ਼ਾਂ ਆਪਣੇ ................ ਹੱਥ ਤੁਰਨਾ ਚਾਹੀਦਾ ਹੈ। (ਸੱਜੇ, ਖੱਬੇ)

(ੲ) ਜ਼ੈਬਰਾ-ਕ੍ਰਾਸਿੰਗ ................................ ਦੇ ਲੰਘਣ ਲਈ ਹੁੰਦੀ ਹੈ।
(ਪੈਦਲ ਚੱਲਣ ਵਾਲ਼ਿਆਂ, ਰਿਕਸ਼ੇ ਵਾਲ਼ਿਆਂ)

**4. ਠੀਕ ਵਾਕਾਂ ਦੇ ਅੱਗੇ ਠੀਕ (√) ਦਾ ਨਿਸ਼ਾਨ ਅਤੇ ਗ਼ਲਤ ਵਾਕਾਂ ਅੱਗੇ ਗ਼ਲਤ (×) ਦਾ ਨਿਸ਼ਾਨ ਲਾਓ :**

(ੳ) ਸਾਨੂੰ ਹਰੀ ਬੱਤੀ ਹੋਣ 'ਤੇ ਚੱਲਣਾ ਚਾਹੀਦਾ ਹੈ। ☐

(ਅ) ਪੀਲ਼ੀ ਬੱਤੀ ਹੋਣ 'ਤੇ ਸਾਨੂੰ ਦੌੜਨਾ ਚਾਹੀਦਾ ਹੈ। ☐

(ੲ) ਲਾਲ ਬੱਤੀ ਹੋਣ 'ਤੇ ਸਾਨੂੰ ਰੁਕਣਾ ਚਾਹੀਦਾ ਹੈ। ☐

(ਸ) ਸਾਨੂੰ ਪਹਿਲਾਂ ਆਪਣੇ ਸੱਜੇ ਪਾਸੇ ਦੇਖਣਾ ਚਾਹੀਦਾ ਹੈ। ਫਿਰ ਅੱਧੀ ਸੜਕ ਪਾਰ ਕਰਨ ਬਾਅਦ ਖੱਬੇ ਪਾਸੇ ਦੇਖਣਾ ਚਾਹੀਦਾ ਹੈ। ☐

(ਹ) ਸਾਨੂੰ ਚੌਕ ਵਿੱਚ ਖੜ੍ਹੇ ਸਿਪਾਹੀ ਦੇ ਹੱਥਾਂ ਦੇ ਇਸ਼ਾਰਿਆਂ ਅਨੁਸਾਰ ਨਹੀਂ ਚੱਲਣਾ ਚਾਹੀਦਾ। ☐

5. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(ੳ) ਮੀਨੂੰ ਅਤੇ ਟਿੰਕੂ ਦੇ ਮਾਮਾ ਜੀ ਕਿੱਥੇ ਰਹਿੰਦੇ ਸਨ ?

(ਅ) ਚੌਕਾਂ ਵਿੱਚ ਬੱਤੀਆਂ ਕਿਉਂ ਲਾਈਆਂ ਜਾਂਦੀਆਂ ਹਨ ?

(ੲ) ਸੜਕ ਉੱਤੇ ਚੱਲਣ ਸਮੇਂ ਸਾਨੂੰ ਕਿਸ ਹੱਥ ਚੱਲਣਾ ਚਾਹੀਦਾ ਹੈ ?

6. **ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

ਬਜ਼ਾਰ :

ਚੌਕ :

ਨਿਯਮ :

ਸਦਾ :

## 7. ਸਮਝੋ ਤੇ ਲਿਖੋ:

ਮਾਮਾ : ਮਾਮੀ

ਦਾਦਾ : ……………………

ਚਾਚਾ : ……………………


ਪਿਤਾ : ……………………

ਨਾਨਾ : ……………………

## ਰਚਨਾਤਮਿਕ ਕਾਰਜ

ਟ੍ਰੈਫ਼ਿਕ-ਲਾਈਟਾਂ ਵਿੱਚ ਦਿੱਤੇ ਗਏ ਨਿਰਦੇਸ਼ ਅਨੁਸਾਰ ਸਹੀ ਰੰਗ ਭਰੋ:

**ਰੁਕੋ** **ਦੇਖੋ** **ਚੱਲੋ**





ਟ੍ਰੈਫ਼ਿਕ-ਨਿਯਮਾਂ ਨੂੰ ਅਪਣਾਓ,
ਜੀਵਨ ਨੂੰ ਖ਼ੁਸ਼ਹਾਲ ਬਣਾਓ।

**ਪਾਠ 9**

# ਸਾਈਕਲ ਦੇ ਝੂਟੇ




ਚੂਹਾ, ਖ਼ਰਗੋਸ਼ ਤੇ ਕੁੱਤਾ ਤਿੰਨ ਦੋਸਤ ਸਨ। ਇੱਕ ਵਾਰੀ ਉਹ ਇਕੱਠੇ ਘੁੰਮ ਰਹੇ ਸਨ। ਅਚਾਨਕ ਉਹਨਾਂ ਦੀ ਨਜ਼ਰ ਸੜਕ ਕੰਢੇ ਖੜ੍ਹੇ ਇੱਕ ਸਾਈਕਲ ਉੱਤੇ ਪਈ। ਉਹਨਾਂ ਸੋਚਿਆ ਕਿ ਕਿਉਂ ਨਾ ਅੱਜ ਅਸੀਂ ਮਿਲ਼ ਕੇ ਝੂਟੇ ਲਈਏ।

ਖ਼ਰਗੋਸ਼ ਸਾਈਕਲ ਦੀ ਸੀਟ ਉੱਤੇ ਹੈਂਡਲ ਫੜ ਕੇ ਬੈਠ ਗਿਆ। ਉਹ ਪੈਡਲ ਮਾਰਨ ਲੱਗਾ। ਚੂਹਾ ਹੈਂਡਲ ਉੱਤੇ ਅਤੇ ਕੁੱਤਾ ਪਿਛਲੀ ਸੀਟ ਉੱਤੇ ਬੈਠ ਗਿਆ। ਸਾਈਕਲ ਸੜਕ ਉੱਤੇ ਚੱਲ ਪਿਆ। ਤਿੰਨੇ ਖ਼ੁਸ਼ੀ ਵਿੱਚ ਗਾਣੇ ਗਾਉਣ ਤੇ ਨੱਚਣ-ਟੱਪਣ ਲੱਗੇ। ਅਜੇ ਕੁਝ ਹੀ ਦੂਰ ਗਏ ਸਨ

ਕਿ ਸਾਈਕਲ ਇੱਕ ਪੱਥਰ ਨਾਲ਼ ਟਕਰਾ ਕੇ ਉਲਟ ਗਿਆ। ਤਿੰਨੇ ਉੱਛਲ਼ ਕੇ ਦੂਰ ਜਾ ਡਿਗੇ ਤੇ ਲੱਗੇ ਚੀਕਾਂ ਮਾਰਨ। ਫਿਰ ਤਿੰਨਾਂ ਨੇ ਉੱਠ ਕੇ ਮਿੱਟੀ ਝਾੜੀ ਤੇ ਬੈਠ ਕੇ ਸੋਚਣ ਲੱਗੇ ਕਿ ਹੁਣ ਕੀ ਕਰੀਏ ?

ਖ਼ਰਗੋਸ਼ ਕਹਿਣ ਲੱਗਾ, "ਮੈਂ ਬਹੁਤ ਬਲਵਾਨ ਹਾਂ। ਮੈਂ ਜ਼ੋਰ ਲਾ ਕੇ ਸਾਈਕਲ ਸਿੱਧਾ ਕਰਦਾ ਹਾਂ।" ਉਹ ਸਾਈਕਲ ਨੂੰ ਸਿੱਧਾ ਕਰਨ ਲੱਗਾ ਪਰ ਸਾਈਕਲ ਸਰਕਿਆ ਤੱਕ ਨਾ। ਚੂਹਾ ਕਹਿਣ ਲੱਗਾ, "ਤੂੰ ਪਾਸੇ ਹੋ, ਮੈਂ ਸਿੱਧਾ ਕਰਦਾ ਹਾਂ।" ਚੂਹਾ ਵੀ ਜ਼ੋਰ ਲਾਉਣ ਲੱਗਾ ਪਰ ਸਾਈਕਲ ਆਪਣੀ ਥਾਂ ਤੋਂ ਹਿੱਲ ਨਹੀਂ ਸੀ ਰਿਹਾ।



ਦੂਰ ਬੈਠੇ ਕੁੱਤੇ ਨੇ ਕਿਹਾ, "ਇਹ ਇਕੱਲੇ-ਇਕੱਲੇ ਤੋਂ ਸਿੱਧਾ ਨਹੀਂ ਹੋਣਾ। ਤਿੰਨੇ ਰਲ਼ ਕੇ ਜ਼ੋਰ ਲਾਉਂਦੇ ਹਾਂ।" ਤਿੰਨਾਂ ਨੇ ਰਲ਼ ਕੇ ਜ਼ੋਰ ਲਾਇਆ ਅਤੇ ਸਾਈਕਲ ਸਿੱਧਾ ਹੋ ਗਿਆ।

ਹੁਣ ਵਾਰੀ ਸੀ ਸੜਕ ਵਿੱਚੋਂ ਪੱਥਰ ਪਾਸੇ ਹਟਾਉਣ ਦੀ। ਐਤਕੀਂ ਫਿਰ ਸਭ ਤੋਂ ਪਹਿਲਾਂ ਖ਼ਰਗੋਸ਼ ਮੈਦਾਨ ਵਿੱਚ ਨਿੱਤਰਿਆ। ਉਹ ਕਹਿਣ ਲੱਗਾ, "ਪੱਥਰ ਤਾਂ ਮੈਂ ਇਕੱਲਾ ਹੀ ਸੜਕ ਤੋਂ ਪਾਸੇ ਕਰ ਦਿਆਂਗਾ। ਤੁਹਾਡੀ ਕਿਸੇ ਦੀ ਲੋੜ ਨਹੀਂ।" ਇਹ ਕਹਿ ਕੇ ਉਹ ਲੱਗਾ ਪੱਥਰ ਨੂੰ ਧੱਕਾ ਲਾਉਣ। ਪੱਥਰ ਸੀ ਕਿ ਅੱਗੇ ਸਰਕੇ ਹੀ ਨਾ। ਖ਼ਰਗੋਸ਼ ਥੱਕ ਕੇ ਬੈਠ ਗਿਆ।

ਹੁਣ ਚੂਹੇ ਨੇ ਸ਼ੇਖ਼ੀ ਮਾਰੀ, "ਵੱਡਾ ਪਹਿਲਵਾਨ! ਮੈਂ ਤੈਨੂੰ ਪੱਥਰ ਪਾਸੇ ਹਟਾ ਕੇ ਦੱਸਦਾ ਹਾਂ।" "ਹਈ ਸ਼ਾਅ!" ਕਹਿ ਕੇ ਲੱਗਾ ਚੂਹਾ ਪੱਥਰ ਨੂੰ ਧੱਕਣ। ਪੱਥਰ ਆਪਣੀ ਥਾਂ ਤੋਂ ਭੋਰਾ ਵੀ ਨਾ ਸਰਕਿਆ।



ਕੁੱਤਾ ਦੋਂਹਾਂ ਦੀਆਂ ਹਰਕਤਾਂ ਨੂੰ ਧਿਆਨ ਨਾਲ਼ ਵੇਖ ਰਿਹਾ ਸੀ। ਉਹ ਆਪਣੀ ਥਾਂ ਤੋਂ ਉੱਠਿਆ ਅਤੇ ਬੋਲਿਆ, "ਗੱਲ ਸੁਣੋ, ਇਹ ਇਕੱਲੇ-ਇਕੱਲੇ ਤੋਂ ਨਹੀਂ ਹਟਣਾ! ਆਓ,ਪਹਿਲਾਂ ਵਾਂਗ ਤਿੰਨੇ ਰਲ਼ ਕੇ ਜ਼ੋਰ ਲਾਈਏ ਤੇ ਪੱਥਰ ਨੂੰ ਪਾਸੇ ਹਟਾਈਏ।" ਤਿੰਨਾਂ ਨੇ ਰਲ਼ ਕੇ ਜ਼ੋਰ ਲਾਇਆ। ਉਹਨਾਂ ਨੇ ਪੱਥਰ ਨੂੰ ਪਾਸੇ ਹਟਾ ਦਿੱਤਾ। ਹੁਣ ਤਿੰਨੇ ਬਹੁਤ ਖ਼ੁਸ਼ ਸਨ।

ਖ਼ਰਗੋਸ਼ ਫੇਰ ਗੱਦੀ ਉੱਤੇ ਬੈਠ ਕੇ ਸਾਈਕਲ ਚਲਾਉਣ ਲੱਗਾ। ਚੂਹਾ ਹੈਂਡਲ ਉੱਤੇ ਅਤੇ ਕੁੱਤਾ ਟਪੂਸੀ ਮਾਰ ਕੇ ਪਿਛਲੀ ਸੀਟ ਉੱਤੇ ਬੈਠ ਗਿਆ। ਹੁਣ ਫੇਰ ਤੋਂ ਉਹ ਤਿੰਨੇ ਉੱਚੀ-ਉੱਚੀ ਗਾ ਰਹੇ ਸਨ ਤੇ ਨੱਚ-ਟੱਪ ਰਹੇ ਸਨ। ਕਿੰਨੇ ਮਜ਼ੇਦਾਰ ਸਨ, ਇਹ ਸਾਈਕਲ ਦੇ ਝੂਟੇ।

# ਪਾਠ-ਅਭਿਆਸ



## 1. ਸ਼ਬਦ-ਅਰਥ :

| | | | | | |
|---|---|---|---|---|---|
| ਕੰਢੇ | : | ਕਿਨਾਰੇ | ਬਲਵਾਨ | : | ਤਾਕਤਵਰ |
| ਨਿੱਤਰਿਆ | : | ਸਾਮ੍ਹਣੇ ਆਇਆ | ਸ਼ੇਖ਼ੀ | : | ਫੜ੍ਹ ਮਾਰਨੀ |
| ਮਜ਼ੇਦਾਰ | : | ਅਨੰਦ ਭਰਪੂਰ | ਸਰਕਿਆ | : | ਹਿੱਲਿਆ |
| ਪਹਿਲਵਾਨ | : | ਕੁਸ਼ਤੀ ਖੇਡਣ ਵਾਲ਼ਾ | ਟਪੂਸੀ | : | ਛਾਲ਼ |

## 2. ਮੌਖਿਕ ਪ੍ਰਸ਼ਨ :

- **ਚੂਹਾ ਕਿੱਥੇ ਬੈਠ ਗਿਆ ?**
- **ਤਿੰਨੇ ਦੋਸਤ ਖ਼ੁਸ਼ੀ ਵਿੱਚ ਕੀ ਕਰਨ ਲੱਗੇ ?**
- **ਪੱਥਰ ਹਟਾਉਣ ਲਈ ਸਭ ਤੋਂ ਪਹਿਲਾਂ ਕਿਸ ਨੇ ਕੋਸ਼ਸ਼ ਕੀਤੀ ?**

## 3. ਠੀਕ ਉੱਤਰ ਅੱਗੇ ਸਹੀ (√) ਦਾ ਨਿਸ਼ਾਨ ਲਾਓ :

1. ਤਿੰਨੇ ਦੋਸਤ ਸਾਈਕਲ ਕਿੱਥੇ ਚਲਾ ਰਹੇ ਸਨ ?

   ਖੇਤ ਵਿੱਚ ☐ ਸੜਕ ਉੱਤੇ ☐ ਗਲ਼ੀ ਵਿੱਚ ☐

2. ਸਾਈਕਲ ਕਿਸ ਚੀਜ਼ ਨਾਲ਼ ਟਕਰਾ ਗਿਆ ?

   ਰੁੱਖ ਨਾਲ਼ ☐ ਕੰਧ ਨਾਲ਼ ☐ ਪੱਥਰ ਨਾਲ਼ ☐

3. ਸਭ ਤੋਂ ਪਹਿਲਾਂ ਪੱਥਰ ਹਟਾਉਣ ਦੀ ਕੋਸ਼ਸ਼ ਕਿਸ ਨੇ ਕੀਤੀ ?

   ਚੂਹੇ ਨੇ ☐ ਖ਼ਰਗੋਸ਼ ਨੇ ☐ ਕੁੱਤੇ ਨੇ ☐

4. ਪਹਿਲਵਾਨ ਕਿਹੜੀ ਖੇਡ ਖੇਡਦਾ ਹੈ ?

   ਕੁਸ਼ਤੀ ☐ ਕਬੱਡੀ ☐ ਹਾਕੀ ☐

5. 'ਸ਼ੇਖ਼ੀ ਮਾਰਨ' ਤੋਂ ਕੀ ਭਾਵ ਹੈ ?

   ਪਿਆਰ ਕਰਨਾ ☐ ਗ਼ੁੱਸਾ ਕਰਨਾ ☐ ਫੜ੍ਹ ਮਾਰਨਾ ☐

4. **ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :**

(ੳ) ਖ਼ਰਗੋਸ਼ ਨੇ ਕਿਹਾ, "ਮੈਂ ਬਹੁਤ ............... ਹਾਂ। (ਚਲਾਕ, ਬਲਵਾਨ)

(ਅ) ............... ਆਪਣੀ ਥਾਂ ਤੋਂ ਹਿੱਲ ਨਹੀਂ ਸੀ ਰਿਹਾ। (ਸਾਈਕਲ, ਟ੍ਰੱਕ)

(ੲ) ਤਿੰਨਾਂ ਨੇ ਰਲ਼ ਕੇ ............... ਨੂੰ ਪਾਸੇ ਹਟਾ ਦਿੱਤਾ। (ਇੱਟ, ਪੱਥਰ)

(ਸ) ਤਿੰਨੇ ਉੱਚੀ-ਉੱਚੀ ............... ਰਹੇ ਸਨ। (ਦੌੜ, ਗਾ)

5. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(ੳ) ਤਿੰਨ ਦੋਸਤ ਕੌਣ-ਕੌਣ ਸਨ ?

(ਅ) ਸਾਈਕਲ ਕੌਣ ਚਲਾ ਰਿਹਾ ਸੀ ?

(ੲ) ਸਾਈਕਲ ਕਿਵੇਂ ਉਲਟ ਗਿਆ ?

(ਸ) ਦੂਰ ਬੈਠੇ ਕੁੱਤੇ ਨੇ ਕੀ ਕਿਹਾ ?

6. **ਸਮਝੋ ਤੇ ਲਿਖੋ :**

| | | |
|---|---|---|
| ਦੂਰ | : | ਨੇੜੇ |
| ਸਿੱਧਾ | : | ..................... |
| ਦੋਸਤ | : | ..................... |
| ਉੱਚੀ-ਉੱਚੀ | : | ..................... |
| ਪਿਛਲੀ | : | ..................... |



7. **ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਓ :**

ਸਾਈਕਲ :

ਦੋਸਤ :

ਪੱਥਰ :

ਬਲਵਾਨ :

ਟਪੂਸੀ :

9. **ਬੋਲ-ਲਿਖਤ : (ਅਧਿਆਪਕ ਵਾਕਾਂ ਨੂੰ ਆਪ ਬੋਲੇ ਅਤੇ ਬੱਚਿਆਂ ਨੂੰ ਲਿਖਣ ਲਈ ਕਹੇ)**

1.

2.

3.

4.

5.

ਪਾਠ 10

# ਆਲ੍ਹੇ-ਭੋਲ੍ਹੇ



ਆਲ੍ਹੇ-ਭੋਲ੍ਹੇ
ਘੁੱਗੂ-ਘੋੜੇ
ਗਾਲ੍ਹੜ, ਤੋਤੇ
ਚਿੜੀਆਂ, ਕਾਂ
ਨੀਲਾ ਅੰਬਰ
ਸਭ ਦੇ ਨਾਂ।

ਜੰਗਲ਼, ਬੇਲੇ
ਨਦੀਆਂ, ਨਾਲ਼ੇ
ਜੀਵ-ਜੀਵਾਲੇ
ਰੰਗ-ਬਰੰਗੇ,



ਚਿੱਟੇ, ਕਾਲ਼ੇ
ਆ ਜਾ ਤੂੰ ਵੀ
ਗੋਰੀ ਗਾਂ
ਸਭ ਲਈ ਇੱਥੇ
ਖੁੱਲ੍ਹੀ ਥਾਂ।

ਲੁਕਣ-ਮੀਟੀ
ਢੋਲ-ਢਮੱਕਾ
ਕੌਡ-ਕਬੱਡੀ
ਗੁੱਲੀ-ਡੰਡਾ
ਕਿਤੇ ਵੀ ਬਹਿ ਕੇ
ਕੁਝ ਵੀ ਖੇਡੋ
ਮੇਰ-ਤੇਰ ਦੀ
ਕੋਈ ਨਾ ਥਾਂ।



ਆਪਣੀ ਸਾਰੀ
ਠੰਢੀ ਛਾਂ
ਸਾਰਾ ਮੁਲਕ ਹੈ
ਇੱਕ ਗਰਾਂਅ।

## ਪਾਠ-ਅਭਿਆਸ

**1. ਸ਼ਬਦ-ਅਰਥ :**

| | | | | | |
|---|---|---|---|---|---|
| ਬੇਲੇ | : | ਦਰਿਆ ਕੰਢੇ ਦਾ ਸੰਘਣਾ ਜੰਗਲ਼ | ਮੁਲਕ | : | ਦੇਸ |
| ਗਰਾਂਅ | : | ਪਿੰਡ | ਅੰਬਰ | : | ਅਕਾਸ਼ |

## 2. ਬੁਝਾਰਤਾਂ :

1. ਹਰਾ-ਹਰਾ ਰੰਗ ਐ, ਲਾਲ ਉਹਦੀ ਚੁੰਝ ਐ।

ਕਾਲ਼ੀ ਉਹਦੀ ਗਾਨੀ ਐ, ਰੱਬ ਦੀ ਨਿਸ਼ਾਨੀ ਐ।

2. ਨਜ਼ਰ ਰੱਖੇ ਸਭ ਦੀ,

ਰਾਖੀ ਕਰੇ ਘਰ ਦੀ।

3. ਰੇਲ ਵਾਂਗੂੰ ਜਾਵੇ ਉਹ ਦੌੜਦਾ,

ਦਗੜ-ਦਗੜ ਖੜਕਾ ਹੁੰਦਾ, ਉਸ ਦੇ ਪੌੜ ਦਾ।

## 3. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਆਲੇ-ਭੋਲ਼ੇ ਕਵਿਤਾ ਵਿੱਚ ਆਏ ਪੰਛੀਆਂ ਦੇ ਨਾਂ ਲਿਖੋ।

(ਅ) ਕਿਸੇ ਦੋ ਖੇਡਾਂ ਦੇ ਨਾਂ ਲਿਖੋ।

## 4. ਸੋਹਣਾ ਕਰਕੇ ਲਿਖੋ :

(ੳ) ਗਾਲ੍ਹੜ ਤੋਤੇ ਚਿੜੀਆਂ ਕਾਂ

(ਅ) ਜੰਗਲ਼ ਬੇਲੇ ਨਦੀਆਂ ਨਾਲ਼ੇ

(ੲ) ਲੁਕਣ-ਮੀਟੀ ਗੁੱਲੀ-ਡੰਡਾ ਕੌਡ-ਕਬੱਡੀ

5. **ਸਮਝੋ ਤੇ ਲਿਖੋ :**



ਗੋਰੀ ਗਾਂ

ਆਲੇ .....................

ਨੀਲਾ .....................

ਠੰਢੀ .....................

ਜੰਗਲ਼ .....................

6. **ਦੱਸੇ ਅਨੁਸਾਰ ਸ਼ਬਦਾਂ ਨੂੰ ਮਿਲ਼ਾਓ :**

| | |
|---|---|
| ਅੰਬਰ | ਪਰਮਾਤਮਾ |
| ਗਰਾਂਅ | ਸਾਰੇ |
| ਸਭ | ਜਗ੍ਹਾ |
| ਰੱਬ | ਅਕਾਸ਼ |
| ਥਾਂ | ਪਿੰਡ |

7. **ਹੇਠ ਦਿੱਤੇ ਹੋਏ ਸ਼ਬਦਾਂ ਨੂੰ ਚੁਣ ਕੇ ਦਿੱਤੇ ਵਰਗਾਂ ਵਿੱਚ ਲਿਖੋ :**

ਤੋਤਾ, ਘੋੜਾ, ਨੀਲਾ, ਕਬੱਡੀ, ਲੁਕਣ-ਮੀਟੀ, ਕਾਲ਼ਾ, ਚਿੱਟਾ, ਚਿੜੀ, ਗਾਲ੍ਹੜ, ਗੁੱਲੀ-ਡੰਡਾ, ਗਾਂ, ਕਾਂ

| ਪੰਛੀ | ਖੇਡਾਂ | ਰੰਗ | ਜਾਨਵਰ |
|---|---|---|---|
| | | | |

**ਕਵਿਤਾ ਨੂੰ ਜ਼ਬਾਨੀ ਗਾ ਕੇ ਜਮਾਤ ਵਿੱਚ ਸੁਣਾਓ।**

ਪਾਠ 11

# ਗਾਂਧੀ ਜੀ ਦਾ ਬਚਪਨ



ਮਹਾਂਪੁਰਖ ਆਪਣੇ ਚੰਗੇ ਅਸੂਲਾਂ ਕਰਕੇ ਮਹਾਨ ਬਣਦੇ ਹਨ। ਉਹ ਆਪਣੀਆਂ ਗ਼ਲਤੀਆਂ ਸੁਧਾਰਦੇ ਰਹਿੰਦੇ ਹਨ।ਆਪਣੇ ਜੀਵਨ ਦੀਆਂ ਘਟਨਾਵਾਂ ਤੋਂ ਸਬਕ ਸਿੱਖਦੇ ਹਨ।ਮਹਾਤਮਾ ਗਾਂਧੀ ਵਿੱਚ ਇਸ ਤਰ੍ਹਾਂ ਦੇ ਸਾਰੇ ਗੁਣ ਸਨ ਜਿਨ੍ਹਾਂ ਕਰਕੇ ਉਹ ਆਪਣੇ ਜੀਵਨ ਵਿੱਚ ਸਫਲ ਹੋਏ।ਅਸੀਂ ਉਹਨਾਂ ਦੇ ਜੀਵਨ ਦੀਆਂ ਘਟਨਾਵਾਂ ਤੋਂ ਬਹੁਤ ਕੁਝ ਸਿੱਖ ਸਕਦੇ ਹਾਂ।

ਬਚਪਨ ਵਿੱਚ ਮਹਾਤਮਾ ਗਾਂਧੀ ਬੁਰੀ ਸੰਗਤ ਵਿੱਚ ਪੈ ਗਏ। ਬੁਰੀ ਸੰਗਤ ਵਿੱਚ ਪੈ ਕੇ ਉਹਨਾਂ ਨੇ ਕਈ ਗ਼ਲਤ ਕੰਮ ਕੀਤੇ। ਸਭ ਤੋਂ ਵੱਡੀ ਗ਼ਲਤੀ, ਉਹਨਾਂ ਨੇ ਘਰ ਤੋਂ ਚੋਰੀ ਕਰਨ ਦੀ ਕੀਤੀ। ਉਹਨਾਂ ਨੇ ਆਪਣੇ ਹੀ ਘਰ ਵਿੱਚੋਂ ਸੋਨੇ ਦਾ ਇੱਕ ਗਹਿਣਾ ਚੁਰਾਇਆ। ਬਾਅਦ ਵਿੱਚ ਜਦੋਂ ਉਹਨਾਂ ਨੇ ਆਪਣੀ ਗ਼ਲਤੀ ਬਾਰੇ ਸੋਚਿਆ ਤਾਂ ਉਹਨਾਂ ਨੂੰ ਬਹੁਤ ਦੁੱਖ ਹੋਇਆ। ਉਹਨਾਂ ਨੇ ਆਪਣੇ ਮਨ ਵਿੱਚ ਪ੍ਰਣ ਕੀਤਾ ਕਿ ਅੱਗੇ ਤੋਂ ਕਦੇ ਚੋਰੀ ਨਹੀਂ ਕਰਨਗੇ। ਗਾਂਧੀ ਜੀ ਨੇ ਸੋਚਿਆ ਕਿ ਉਹ ਆਪਣੇ ਪਿਤਾ ਜੀ ਨੂੰ ਸਾਰੀ ਗੱਲ ਦੱਸ ਕੇ ਉਹਨਾਂ ਤੋਂ ਮਾਫ਼ੀ ਮੰਗ ਲੈਣਗੇ ਪਰ ਉਹਨਾਂ ਵਿੱਚ ਆਪਣੇ ਪਿਤਾ ਜੀ ਨਾਲ਼ ਗੱਲ ਕਰਨ ਦੀ ਹਿੰਮਤ ਨਹੀਂ ਸੀ। ਉਹਨਾਂ ਨੂੰ ਡਰ ਇਸ ਗੱਲ ਦਾ ਸੀ ਕਿ ਪਿਤਾ ਜੀ ਦੇ ਮਨ ਨੂੰ ਠੇਸ ਲੱਗੇਗੀ। ਬਹੁਤ ਸੋਚਣ ਪਿੱਛੋਂ ਉਹਨਾਂ ਨੇ ਆਪਣੇ ਪਿਤਾ ਜੀ ਨੂੰ ਇੱਕ ਚਿੱਠੀ ਲਿਖੀ। ਉਸ ਵਿੱਚ ਉਹਨਾਂ ਨੇ ਆਪਣੀ ਗ਼ਲਤੀ ਦਾ ਪੂਰਾ ਬਿਆਨ ਲਿਖ ਦਿੱਤਾ। ਗ਼ਲਤੀ ਦੀ ਮਾਫ਼ੀ ਮੰਗੀ ਤੇ ਨਾਲ਼ ਹੀ ਇਸ ਗ਼ਲਤੀ ਬਦਲੇ ਠੀਕ ਸਜ਼ਾ ਦੇਣ ਦੀ ਮੰਗ ਵੀ ਕੀਤੀ।

ਉਹਨਾਂ ਦਿਨਾਂ ਵਿੱਚ ਗਾਂਧੀ ਜੀ ਦੇ ਪਿਤਾ ਜੀ ਬਿਮਾਰ ਸਨ। ਬਿਮਾਰੀ ਕਰਕੇ ਉਹ ਬਿਸਤਰੇ 'ਤੇ ਲੇਟੇ ਹੋਏ ਸਨ। ਗਾਂਧੀ ਜੀ ਨੇ ਉਹ ਚਿੱਠੀ ਆਪਣੇ ਪਿਤਾ ਜੀ ਦੇ ਹੱਥ ਵਿੱਚ ਫੜਾ ਦਿੱਤੀ ਤੇ ਉਹ ਉਹਨਾਂ ਦੀ ਮੰਜੀ ਦੇ ਕੋਨੇ 'ਤੇ ਬੈਠ ਗਏ। ਉਹਨਾਂ ਦਾ ਸਰੀਰ ਡਰ ਨਾਲ਼ ਕੰਬ ਰਿਹਾ ਸੀ। ਪਿਤਾ ਜੀ ਨੇ ਜਦੋਂ ਉਹ ਚਿੱਠੀ ਪੜ੍ਹੀ ਤਾਂ ਉਹ ਰੋ ਪਏ। ਕੁਝ ਦੇਰ ਲਈ ਉਹ ਅੱਖਾਂ ਬੰਦ ਕਰਕੇ ਲੇਟੇ ਰਹੇ। ਫਿਰ ਉਹਨਾਂ ਨੇ ਉਹ ਚਿੱਠੀ ਵਾਲ਼ਾ ਕਾਗਜ਼ ਪਾੜ ਦਿੱਤਾ। ਪਿਤਾ ਦੇ ਅੱਥਰੂਆਂ ਨੇ ਪੁੱਤਰ ਦੇ ਗੁਨਾਹ ਨੂੰ ਮਾਫ਼ ਕਰ ਦਿੱਤਾ ਸੀ। ਇਸ ਘਟਨਾ ਤੋਂ ਬਾਅਦ ਗਾਂਧੀ ਜੀ ਨੇ ਜੀਵਨ ਭਰ ਨਾ ਕਦੇ ਝੂਠ ਬੋਲਿਆ ਤੇ ਨਾ ਹੀ ਕਦੇ ਚੋਰੀ ਕੀਤੀ।



ਜਦੋਂ ਗਾਂਧੀ ਜੀ ਸਕੂਲ ਵਿੱਚ ਪੜ੍ਹਦੇ ਸਨ ਤਾਂ ਇੱਕ ਵਾਰ ਸਕੂਲਾਂ ਦੇ ਇੱਕ ਇਨਸਪੈੱਕਟਰ ਸਕੂਲ ਵਿੱਚ ਦੌਰਾ ਕਰਨ ਆਏ। ਇਨਸਪੈੱਕਟਰ ਨੇ ਗਾਂਧੀ ਜੀ ਦੀ ਜਮਾਤ ਵਿੱਚ ਆ ਕੇ ਵਿਦਿਆਰਥੀਆਂ ਨੂੰ ਕੁਝ ਲਿਖਣ ਲਈ ਕਿਹਾ। ਉਹਨਾਂ ਨੇ ਪੰਜ ਸ਼ਬਦ ਲਿਖਣ ਵਾਸਤੇ ਬੋਲੇ। ਗਾਂਧੀ ਜੀ ਨੇ ਪੰਜਾਂ ਵਿੱਚੋਂ ਇੱਕ ਸ਼ਬਦ ਗ਼ਲਤ ਲਿਖਿਆ। ਗਾਂਧੀ ਜੀ ਦੇ ਅਧਿਆਪਕ ਨੂੰ ਪਤਾ ਲੱਗ ਗਿਆ। ਅਧਿਆਪਕ ਨੇ ਇਸ਼ਾਰੇ ਨਾਲ਼ ਗਾਂਧੀ ਜੀ ਨੂੰ ਨਾਲ਼ ਬੈਠੇ ਬੱਚੇ ਦੀ ਨਕਲ ਕਰਨ ਲਈ ਕਿਹਾ ਤਾਂ ਜੋ ਉਹ ਆਪ ਆਪਣਾ ਗ਼ਲਤ ਲਿਖਿਆ ਸ਼ਬਦ ਠੀਕ ਕਰ ਲਵੇ। ਗਾਂਧੀ ਜੀ ਨੇ ਅਜਿਹਾ ਨਹੀਂ ਕੀਤਾ। ਗਾਂਧੀ ਜੀ ਨੂੰ ਇਹ ਗੱਲ ਬਚਪਨ ਵਿੱਚ ਹੀ ਮਹਿਸੂਸ ਹੋ ਗਈ ਸੀ ਕਿ ਨਕਲ ਕਰਨੀ ਚੰਗੀ ਗੱਲ ਨਹੀਂ।

ਗਾਂਧੀ ਜੀ ਨੂੰ ਆਪਣੇ ਬਚਪਨ ਦੀ ਇੱਕ ਗ਼ਲਤੀ ਦਾ ਜ਼ਿੰਦਗੀ ਭਰ ਪਛਤਾਵਾ ਰਿਹਾ। ਬਚਪਨ ਵਿੱਚ ਉਹਨਾਂ ਦੇ ਦਿਮਾਗ਼ ਵਿੱਚ ਕਿਧਰੇ ਇਹ ਗੱਲ ਵੱਸ ਗਈ ਕਿ ਪੜ੍ਹਾਈ ਵਾਸਤੇ ਸੁੰਦਰ ਲਿਖਾਈ ਦਾ ਹੋਣਾ ਕੋਈ ਜ਼ਰੂਰੀ ਨਹੀਂ। ਉਹਨਾਂ ਦਾ ਇਹ ਵਿਚਾਰ ਉਹਨਾਂ ਦੇ ਪਰਦੇਸ ਜਾਣ ਤੱਕ ਪੱਕਾ ਬਣਿਆ ਰਿਹਾ। ਜਦੋਂ ਉਹ ਵਲਾਇਤੋਂ ਵਕਾਲਤ ਦੀ ਪੜ੍ਹਾਈ ਕਰ ਕੇ ਅਫ਼ਰੀਕਾ ਗਏ ਤਾਂ ਉੱਥੇ ਉਹਨਾਂ ਨੇ ਆਪਣੇ ਨਾਲ਼ ਕੰਮ ਕਰਦੇ ਸਾਥੀਆਂ ਦੀ ਮੋਤੀਆਂ ਵਰਗੀ ਸੁੰਦਰ ਲਿਖਾਈ ਦੇਖੀ। ਉਹਨਾਂ ਨੇ ਆਪਣੀ ਲਿਖਾਈ ਸੁਧਾਰਨ ਦੀ ਕੋਸ਼ਸ਼ ਕੀਤੀ ਪਰ ਸਫਲ ਨਹੀਂ ਹੋ ਸਕੇ ਕਿਉਂਕਿ ਵੱਡੀ ਉਮਰ ਵਿੱਚ ਪਹੁੰਚ ਕੇ ਲਿਖਾਈ ਨੂੰ ਚੰਗੀ ਬਣਾਉਣਾ ਸੌਖਾ ਕੰਮ ਨਹੀਂ। ਗਾਂਧੀ ਜੀ ਨੇ ਮਹਿਸੂਸ ਕੀਤਾ ਕਿ ਸੁੰਦਰ ਲਿਖਾਈ ਨਾ ਹੋਣ ਕਰਕੇ ਵਿੱਦਿਆ ਅਧੂਰੀ ਹੈ। ਉਹਨਾਂ ਦਾ ਵਿਚਾਰ ਸੀ ਕਿ ਬੱਚਿਆਂ ਨੂੰ ਸਭ ਤੋਂ ਪਹਿਲਾਂ ਸੁੰਦਰ ਲਿਖਾਈ ਲਿਖਣ ਦਾ ਢੰਗ ਆਉਣਾ ਚਾਹੀਦਾ ਹੈ। ਸ਼ੁਰੂ ਦੀਆਂ ਜਮਾਤਾਂ ਵਿੱਚ ਵੱਧ ਧਿਆਨ ਸੁੰਦਰ ਲਿਖਾਈ ਵੱਲ ਦੇਣਾ ਚਾਹੀਦਾ ਹੈ।

ਗਾਂਧੀ ਜੀ ਦੂਜਿਆਂ ਵਿੱਚੋਂ ਨੁਕਸ ਨਹੀਂ ਸਨ ਲੱਭਦੇ, ਦੂਜਿਆਂ ਦੀ ਨਿੰਦਾ ਨਹੀਂ ਸਨ ਕਰਦੇ, ਕਿਸੇ ਦੀ ਬੁਰਾਈ ਨਹੀਂ ਸੁਣਦੇ ਸਨ। ਆਪਣੇ ਇਹਨਾਂ ਚੰਗੇ ਗੁਣਾਂ ਕਰਕੇ ਜੀਵਨ ਵਿੱਚ ਸਫਲ ਹੋਏ ਅਤੇ ਲੋਕਾਂ ਤੋਂ ਅਥਾਹ ਪਿਆਰ ਤੇ ਆਦਰ ਪਾਉਂਦੇ ਰਹੇ।

## ਪਾਠ-ਅਭਿਆਸ



**1. ਸ਼ਬਦ-ਅਰਥ :**

| | | | | | |
|---|---|---|---|---|---|
| **ਅਸੂਲ** | : | ਸਿਧਾਂਤ | **ਮਹਾਂਪੁਰਸ਼** | : | ਮਹਾਨ ਵਿਅਕਤੀ |
| **ਸਫਲ** | : | ਕਾਮਯਾਬ | **ਸਬਕ** | : | ਸਿੱਖਿਆ |
| **ਪ੍ਰਣ** | : | ਇਰਾਦਾ | **ਠੇਸ** | : | ਚੋਟ |
| **ਹਿੰਮਤ** | : | ਹੌਸਲਾ | **ਗੁਨਾਹ** | : | ਗ਼ਲਤੀ |

| | | | | | |
|---|---|---|---|---|---|
| **ਦੌਰਾ** | : | ਜਾਂਚ/ਨਿਰੀਖਣ | **ਅਥਾਹ** | : | ਬੇਅੰਤ/ਬਹੁਤ ਜ਼ਿਆਦਾ |
| **ਵਲਾਇਤ** | : | ਵਿਦੇਸ਼ | **ਅਧੂਰੀ** | : | ਪੂਰੀ ਨਾ ਹੋਣਾ |
| **ਵਕਾਲਤ** | : | ਕਨੂੰਨ ਸੰਬੰਧੀ ਪੜ੍ਹਾਈ | **ਨੁਕਸ** | : | ਕਮੀ |
| **ਆਦਰ** | : | ਸਤਿਕਾਰ | | | |

## 2. ਮੌਖਿਕ ਪ੍ਰਸ਼ਨ :

- ਬਚਪਨ ਵਿੱਚ ਮਹਾਤਮਾ ਗਾਂਧੀ ਜੀ ਕਿਸ ਤਰ੍ਹਾਂ ਦੀ ਸੰਗਤ ਵਿੱਚ ਪੈ ਗਏ ?
- ਗਾਂਧੀ ਜੀ ਨੇ ਪੰਜਾਂ ਵਿੱਚੋਂ ਕਿੰਨੇ ਸ਼ਬਦ ਗ਼ਲਤ ਲਿਖੇ ?
- ਗਾਂਧੀ ਜੀ ਅਨੁਸਾਰ ਲਿਖਾਈ ਕਿਹੋ-ਜਿਹੀ ਹੋਣੀ ਚਾਹੀਦੀ ਹੈ ?

## 3. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :

1. ਮਹਾਂਪੁਰਸ਼ ਆਪਣੇ ਚੰਗੇ .............. ਕਰਕੇ ਮਹਾਨ ਬਣਦੇ ਹਨ।
2. ਬਚਪਨ ਵਿੱਚ ਮਹਾਤਮਾ ਗਾਂਧੀ ..............ਵਿੱਚ ਪੈ ਗਏ।
3. ਗਾਂਧੀ ਜੀ ਨੂੰ ਆਪਣੇ .............. ਦੀ ਇੱਕ ਗ਼ਲਤੀ ਦਾ ਜ਼ਿੰਦਗੀ ਭਰ ਪਛਤਾਵਾ ਰਿਹਾ।
4. ਗਾਂਧੀ ਜੀ ਚੰਗੇ .............. ਕਰਕੇ ਜੀਵਨ ਵਿੱਚ ਸਫਲ ਹੋਏ।

(ਬੁਰੀ ਸੰਗਤ, ਗੁਣਾਂ, ਬਚਪਨ, ਅਸੂਲਾਂ)

## 4. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਮਹਾਤਮਾ ਗਾਂਧੀ ਨੇ ਆਪਣੇ ਬਚਪਨ ਵਿੱਚ ਸਭ ਤੋਂ ਵੱਡੀ ਗ਼ਲਤੀ ਕਿਹੜੀ ਕੀਤੀ ?

(ਅ) ਮਹਾਤਮਾ ਗਾਂਧੀ ਨੇ ਆਪਣੇ ਪਿਤਾ ਜੀ ਕੋਲ਼ੋ ਮਾਫ਼ੀ ਕਿਵੇਂ ਮੰਗੀ ?

(ੲ) ਗਾਂਧੀ ਜੀ ਨੇ ਨਕਲ ਕਿਉਂ ਨਾ ਮਾਰੀ ?


(ਸ) ਸੁੰਦਰ ਲਿਖਾਈ ਬਾਰੇ ਗਾਂਧੀ ਜੀ ਦਾ ਕੀ ਵਿਚਾਰ ਸੀ ?

**5. ਦੱਸੇ ਅਨੁਸਾਰ ਸ਼ਬਦਾਂ ਨੂੰ ਮਿਲ਼ਾਓ :**

| | |
|---|---|
| ਸਫਲ | ਖ਼ਤ |
| ਚਿੱਠੀ | ਹੰਝੂ |
| ਅੱਥਰੂ | ਕਾਮਯਾਬ |
| ਪਰਦੇਸ | ਕਮੀ |
| ਨੁਕਸ | ਵਿਦੇਸ਼ |

## ਰਚਨਾਤਮਿਕ ਕਾਰਜ

ਇੱਕ ਚੰਗੇ ਬੱਚੇ ਵਿੱਚ ਕਿਹੜੇ-ਕਿਹੜੇ ਗੁਣ ਹੁੰਦੇ ਹਨ।



ਪਾਠ 12

# ਦਾਦੀ-ਮਾਂ ਦੀਆਂ ਬਾਤਾਂ

ਦਾਦੀ-ਮਾਂ ਸਵੇਰੇ ਸਵਖਤੇ ਉੱਠਦੇ। ਸਭ ਤੋਂ ਪਹਿਲਾਂ ਉਹ ਦੋ ਗਲਾਸ ਪਾਣੀ ਪੀਂਦੇ।

ਮੈਂ ਪੁੱਛਦੀ, "ਦਾਦੀ-ਮਾਂ! ਲੋਕੀਂ ਸਵੇਰੇ ਚਾਹ ਪੀਂਦੇ ਹਨ। ਕਈ ਕਾਫ਼ੀ ਪੀਂਦੇ ਹਨ। ਤੁਸੀਂ ਪਾਣੀ ਹੀ ਪੀਂਦੇ ਹੋ!"

ਦਾਦੀ-ਮਾਂ ਹੱਸ ਕੇ ਆਖਦੇ, "ਮੇਰੀ ਬੱਚੀਏ! ਪਾਣੀ ਕੁਦਰਤ ਦੀ ਦਾਤ ਹੈ। ਸਰੀਰ ਦੀ ਸਫ਼ਾਈ ਲਈ ਪਾਣੀ ਬਹੁਤ ਜ਼ਰੂਰੀ ਹੈ। ਪਾਣੀ ਪੀਣ ਨਾਲ਼ ਅੰਦਰ ਸ਼ਾਂਤ ਹੁੰਦਾ ਹੈ।" ਦਾਦੀ-ਮਾਂ ਫਿਰ ਕਹਿੰਦੇ, "ਮੈਂ ਤਾਂ ਦਿਨ ਵਿੱਚ ਕਈ ਵਾਰ ਪਾਣੀ ਪੀਂਦੀ ਹਾਂ ਪਰ ਪੀਣ ਵਾਲ਼ਾ ਪਾਣੀ ਸਾਫ਼ ਹੋਣਾ ਚਾਹੀਦਾ ਹੈ। ਜੇਕਰ ਪਾਣੀ ਉਬਾਲ਼ ਕੇ, ਠੰਢਾ ਕਰਕੇ ਪੀਤਾ ਜਾਵੇ ਤਾਂ ਹੋਰ ਵੀ ਚੰਗਾ ਹੈ।"



ਦਾਦੀ-ਮਾਂ ਦੀਆਂ ਗੱਲਾਂ ਮੈਨੂੰ ਚੰਗੀਆਂ ਲੱਗਦੀਆਂ। ਉਹ ਕਈ ਵਾਰ ਪੁੱਛਦੇ, "ਭਾਈ! ਪਾਣੀ ਭਰ ਲਿਆ ਹੈ? ਵੇਖੋ, ਪਾਣੀ ਸਾਫ਼ ਵੀ ਹੈ ਕਿ ਨਹੀਂ?"

ਘਰ ਵਿੱਚ ਕੋਈ ਆਉਂਦਾ ਤਾਂ ਉਹ ਕਹਿੰਦੇ, "ਬੈਠ ਜਾਓ, ਪਹਿਲਾਂ ਜਲ ਛਕੋ।"

ਦਾਦੀ-ਮਾਂ ਬੜੇ ਸਫ਼ਾਈ-ਪਸੰਦ ਹਨ। ਰਸੋਈ ਵਿੱਚ ਕੋਈ ਕੰਮ ਕਰਨ ਤੋਂ ਪਹਿਲਾਂ ਉਹ ਹੱਥ ਧੋਂਦੇ।ਉਹ ਸਾਨੂੰ ਚੇਤੇ ਕਰਵਾਉਂਦੇ ਕਿ ਖਾਣਾ ਖਾਣ ਤੋਂ ਪਹਿਲਾਂ ਹੱਥ ਧੋਣੇ ਹਨ। ਖਾਣਾ ਖਾਣ ਤੋਂ ਪਿੱਛੋਂ ਉਹ ਆਪ ਵੀ ਕੁਰਲੀ ਕਰਦੇ। ਉਹਨਾਂ ਦੇ ਕਹਿਣ 'ਤੇ ਅਸੀਂ ਵੀ ਕੁਰਲੀ ਤੇ ਬੁਰਸ਼ ਕਰਦੇ।

ਘਰ ਵਿੱਚ ਕੋਈ ਪਾਣੀ ਨੂੰ ਐਵੇਂ ਡੋਲ੍ਹ ਦਿੰਦਾ ਤਾਂ ਦਾਦੀ-ਮਾਂ ਗੁੱਸੇ ਹੁੰਦੇ। ਉਹ ਕਹਿੰਦੇ, "ਪਾਣੀ ਤਾਂ ਜੀਵਨ ਹੈ। ਕਈ ਵਾਰ ਬੰਦਾ ਇੱਕ-ਇੱਕ ਬੂੰਦ ਨੂੰ ਤਰਸ ਜਾਂਦਾ ਹੈ।"

ਦਾਦੀ-ਮਾਂ ਸਬਜ਼ੀਆਂ ਧੋਣ ਲਈ ਵਰਤੇ ਗਏ ਪਾਣੀ ਨੂੰ ਬੂਟਿਆਂ ਵਿੱਚ ਪਾ ਦਿੰਦੇ। ਉਹ ਆਖਦੇ, "ਇੰਞ ਪਾਣੀ ਡੋਲ੍ਹਣ ਨਾਲ਼ ਚਿੱਕੜ ਹੋ ਜਾਂਦਾ ਹੈ। ਕਿਸੇ ਦਾ ਪੈਰ ਵੀ ਤਿਲਕ ਸਕਦਾ ਹੈ।"

ਇੱਕ ਵਾਰੀ ਦਾਦੀ-ਮਾਂ ਨੇ ਮੈਨੂੰ ਪੁੱਛਿਆ, "ਹਰਜੋਤ, ਭਲਾ, ਸਭ ਤੋਂ ਕੀਮਤੀ ਚੀਜ਼ ਕਿਹੜੀ ਹੈ ?"

ਮੈਂ ਝੱਟ ਆਖਿਆ, "ਰੁਪਈਏ।"

ਉਹਨਾਂ ਨੇ ਨਾਂਹ ਵਿੱਚ ਸਿਰ ਹਿਲਾਇਆ।

ਮੈਂ ਆਖਿਆ, "ਸੋਨਾ, ਚਾਂਦੀ, ਹੀਰੇ, ਮੋਤੀ!"

ਉਹਨਾਂ ਫਿਰ ਨਾਂਹ ਵਿੱਚ ਸਿਰ ਹਿਲਾਇਆ।

ਫਿਰ ਦਾਦੀ-ਮਾਂ ਕਹਿਣ ਲੱਗੇ, "ਹਰਜੋਤ! ਮੈਂ ਸੋਚਦੀ ਸੀ ਕਿ ਤੂੰ ਹਵਾ ਜਾਂ ਪਾਣੀ ਦਾ ਨਾਂ ਲਵੇਂਗੀ।"

"ਉਹ ਕਿਉਂ, ਦਾਦੀ-ਮਾਂ?"

"ਇਸ ਲਈ ਕਿ ਸਾਹ ਲੈਣ ਲਈ ਜੇ ਹਵਾ ਨਾ ਮਿਲ਼ੇ ਤਾਂ ਕਹਾਣੀ ਖ਼ਤਮ। ਪਿਆਸ ਬੁਝਾਉਣ ਲਈ ਪਾਣੀ ਨਾ ਮਿਲ਼ੇ ਤਾਂ ਵੀ ਔਖਾ ਹੁੰਦਾ ਹੈ।"

ਮੈਨੂੰ ਚੁੱਪ ਬੈਠੀ ਦੇਖ ਕੇ ਉਹ ਫਿਰ ਕਹਿਣ ਲੱਗੇ, "ਪਾਣੀ ਦੀ ਲੋੜ ਬੰਦਿਆਂ ਨੂੰ ਵੀ ਹੈ, ਪਸ਼ੂ-ਪੰਛੀਆਂ ਨੂੰ ਵੀ ਅਤੇ ਰੁੱਖ-ਬੂਟਿਆਂ ਨੂੰ ਵੀ ਹੈ।"

"ਠੀਕ ਹੈ, ਦਾਦੀ-ਮਾਂ! ਹੋਰ ਦੱਸੋ," ਮੈਂ ਪੁੱਛਿਆ।

"ਧੀਏ! ਮੈਂ ਦੱਸਾਂ, ਮੈਨੂੰ ਸਭ ਤੋਂ ਵੱਧ ਖ਼ੁਸ਼ੀ ਕਦੋਂ ਮਿਲ਼ਦੀ ਹੈ ?"

"ਦੱਸੋ, ਦਾਦੀ-ਮਾਂ!"

"ਜਦੋਂ ਮੈਂ ਪੰਛੀਆਂ ਲਈ ਭਾਂਡੇ ਵਿੱਚ ਪਾਣੀ ਪਾ ਕੇ ਰੱਖਦੀ ਹਾਂ। ਦੂਜੇ, ਜਦੋਂ ਮੈਂ ਬੂਟਿਆਂ ਨੂੰ ਪਾਣੀ ਦਿੰਦੀ ਹਾਂ। ਕਿਸੇ ਪਿਆਸੇ ਨੂੰ ਪਾਣੀ ਪਿਆ ਕੇ ਵੀ ਮੈਂ ਖ਼ੁਸ਼ ਹੁੰਦੀ ਹਾਂ। ਫਿਰ ਜਦੋਂ ਮੈਂ ਆਪ ਪਾਣੀ ਪੀਂਦੀ ਹਾਂ।"

"ਇਹ ਤਾਂ ਖ਼ੁਸ਼ ਹੋਣ ਦਾ ਸੁਖਾਲ਼ਾ ਤਰੀਕਾ ਹੈ, ਦਾਦੀ-ਮਾਂ!" ਮੈਂ ਕਿਹਾ।

ਦਾਦੀ-ਮਾਂ ਦੀਆਂ ਗੱਲਾਂ ਮੈਨੂੰ ਚੰਗੀਆਂ ਲੱਗ ਰਹੀਆਂ ਸਨ। ਮੈਨੂੰ ਖ਼ੁਸ਼ ਹੋਈ ਵੇਖ ਕੇ ਉਹ ਬੋਲੇ, "ਮੇਰੀ ਲਾਡਲੀ ਧੀਏ! ਪਾਣੀ ਨਾਲ਼ ਹੱਥ-ਪੈਰ ਧੋਤੇ ਸੋਹਣੇ ਲੱਗਦੇ ਹਨ। ਨ੍ਹਾਉਣ ਨਾਲ਼ ਤਨ ਤੇ ਮਨ ਦੋਵੇਂ ਖਿੜ ਉੱਠਦੇ ਹਨ। ਇਸੇ ਲਈ ਮੈਂ ਤੁਹਾਨੂੰ ਹਰ ਰੋਜ਼ ਇਸ਼ਨਾਨ ਕਰਨ ਲਈ ਕਹਿੰਦੀ ਹਾਂ।"

"ਦਾਦੀ-ਮਾਂ! ਜੇ ਪਾਣੀ ਹੀ ਨਾ ਹੋਵੇ?" ਮੇਰੇ ਮੂੰਹੋਂ ਨਿਕਲ਼ਿਆ।

"ਧੀਏ! ਸੁੱਖ ਬੋਲ। ਪਾਣੀ ਨਹੀਂ ਹੋਵੇਗਾ ਤਾਂ ਰੁੱਖ ਨਹੀਂ ਹੋਣਗੇ। ਪਾਣੀ ਨਹੀਂ ਮਿਲ਼ੇਗਾ ਤਾਂ ਫ਼ਸਲਾਂ ਨਹੀਂ ਉੱਗਣਗੀਆਂ। ਪੀਣ ਨੂੰ ਪਾਣੀ ਨਹੀਂ ਮਿਲ਼ੇਗਾ ਤਾਂ ਪੰਛੀ, ਜਾਨਵਰ ਅਤੇ ਮਨੁੱਖ ਕਿਵੇਂ ਜਿਊਂਣਗੇ?"

"ਪਰ ਦਾਦੀ-ਮਾਂ! ਮੀਂਹ ਪੈਂਦਾ ਹੈ ਤਾਂ ਪਾਣੀ ਦੀ ਤੋਟ ਨਹੀਂ ਰਹਿੰਦੀ," ਮੈਂ ਕਿਹਾ।

"ਹਾਂ, ਤਦੇ ਤਾਂ ਵਰਖਾ ਹੋਣ 'ਤੇ ਸਾਰੇ ਖ਼ੁਸ਼ੀ ਮਨਾਉਂਦੇ ਹਨ, ਸਭ ਨੂੰ ਚਾਅ ਚੜ੍ਹਦਾ ਹੈ", ਦਾਦੀ-ਮਾਂ ਬੋਲੇ।

## ਪਾਠ-ਅਭਿਆਸ



**1. ਸ਼ਬਦ-ਅਰਥ :**

| | | | | | |
|---|---|---|---|---|---|
| ਸਵਖਤੇ | : ਸਵੇਰੇ ਜਲਦੀ | ਦਾਤ | : ਦੇਣ | ਜਲ | : ਪਾਣੀ |
| ਚੇਤੇ | : ਯਾਦ | ਤਿਲਕ | : ਫਿਸਲ | ਪਿਆਸ | : ਤੇਹ |
| ਸੁਖਾਲ਼ਾ | : ਸੌਖਾ | ਤਰੀਕਾ | : ਢੰਗ | ਤੋਟ | : ਕਮੀ |
| ਚਾਅ | : ਖ਼ੁਸ਼ੀ | | | | |

**2. ਮੌਖਿਕ ਪ੍ਰਸ਼ਨ :**

- **ਸਵੇਰੇ ਉੱਠ ਕੇ ਪਹਿਲਾਂ ਕੀ ਕਰਨਾ ਚਾਹੀਦਾ ਹੈ?**
- **ਸਰੀਰ ਦੀ ਸਫ਼ਾਈ ਲਈ ਕੀ ਜ਼ਰੂਰੀ ਹੈ?**
- **ਜੇ ਪਾਣੀ ਨਹੀਂ ਹੋਵੇਗਾ ਤਾਂ ਕੀ ਹੋਵੇਗਾ?**

**3. ਠੀਕ ਉੱਤਰ ਅੱਗੇ ਸਹੀ (√) ਦਾ ਨਿਸ਼ਾਨ ਲਾਓ :**

1. ਦਾਦੀ-ਮਾਂ ਸਵੇਰੇ ਕਦੋਂ ਉੱਠਦੇ ਸਨ?

ਲੇਟ ☐ ਜਲਦੀ ☐ ਸੁੱਤੇ ਰਹਿੰਦੇ ☐

2. ਦਾਦੀ-ਮਾਂ ਬਹੁਤ ਪਸੰਦ ਕਰਦੇ ਸਨ :

ਨੱਚਣਾ ☐ ਲੜਾਈ ☐ ਸਫ਼ਾਈ ☐

3. ਸਾਨੂੰ ਖਾਣਾ ਖਾਣ ਤੋਂ ਬਾਅਦ ਕੀ ਕਰਨਾ ਚਾਹੀਦਾ ਹੈ ?

ਨੀਂਦ ☐ ਲੜਾਈ ☐ ਕੁਰਲੀ ☐

4. ਫ਼ਸਲਾਂ ਲਈ ਕਿਹੜੀ ਚੀਜ਼ ਬਹੁਤ ਜ਼ਰੂਰੀ ਹੈ ?

ਪਾਣੀ ☐ ਅੱਗ ☐ ਧੂੜ ☐

## 4. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :

(ੳ) ਪਾਣੀ .................. ਦੀ ਦਾਤ ਹੈ। (ਕੁਦਰਤ, ਆਦਮੀ)

(ਅ) ਖਾਣਾ ਖਾਣ ਤੋਂ ਪਹਿਲਾਂ ..................ਧੋਣੇ ਚਾਹੀਦੇ ਹਨ। (ਪੈਰ, ਹੱਥ)

(ੲ) ਪੀਣ ਵਾਲ਼ਾ ਪਾਣੀ .................. ਹੋਣਾ ਚਾਹੀਦਾ ਹੈ। (ਸਾਫ਼, ਠੰਢਾ)

(ਸ) ਨ੍ਹਾਉਣ ਨਾਲ਼ ਤਨ ਤੇ .................. ਦੋਵੇਂ ਖਿੜ ਉੱਠਦੇ ਹਨ। (ਮਨ, ਦਿਲ)

(ਹ) ਵਰਖਾ ਹੋਣ 'ਤੇ ਸਾਰੇ ..................ਮਨਾਉਂਦੇ ਹਨ। (ਖ਼ੁਸ਼ੀ, ਗ਼ਮੀ)

## 5. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਦਾਦੀ-ਮਾਂ ਸਵੇਰੇ ਉੱਠ ਕੇ ਕੀ ਪੀਂਦੇ ਸਨ ?

(ਅ) ਦਾਦੀ-ਮਾਂ ਸਬਜ਼ੀਆਂ ਧੋ ਕੇ ਪਾਣੀ ਕਿੱਥੇ ਪਾਉਂਦੇ ਸਨ ?

(ੲ) ਦਾਦੀ-ਮਾਂ ਅਨੁਸਾਰ ਸਭ ਤੋਂ ਕੀਮਤੀ ਚੀਜ਼ ਕਿਹੜੀ ਹੈ ?

**6. ਸਮਝੋ ਤੇ ਲਿਖੋ :**

ਸਵੇਰੇ : ਸ਼ਾਮ

ਠੰਢਾ : ....................

ਅੰਦਰ : ....................

ਖ਼ੁਸ਼ੀ : ....................

ਸਫ਼ਾਈ : ....................

**7. ਹੇਠਾਂ ਪੀਣ ਵਾਲ਼ੀਆਂ ਚੀਜ਼ਾਂ ਦੇ ਨਾਂ ਹਨ। ਤੁਸੀਂ ਜੋ ਪੀਣਾ ਪਸੰਦ ਕਰਦੇ ਹੋ, ਉਸ ਦੇ ਸਾਮ੍ਹਣੇ ਠੀਕ (√) ਦਾ ਨਿਸ਼ਾਨ ਲਾਓ :**

| | | |
|---|---|---|
| ਦੁੱਧ ☐ | ਚਾਹ ☐ | ਸ਼ਰਬਤ ☐ |
| ਲੱਸੀ ☐ | ਪਾਣੀ ☐ | ਸ਼ਕੰਜਵੀ ☐ |

**8. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

ਸਵੇਰ :

ਪਾਣੀ :

ਦਾਦੀ :

ਘਰ :

ਚਾਹ :

ਪਸੰਦ :

ਫ਼ਸਲ :

## ਰਚਨਾਤਮਿਕ ਕਾਰਜ

ਪਾਣੀ ਕਿਹੜੇ-ਕਿਹੜੇ ਕੰਮ ਆਉਂਦਾ ਹੈ ? ਪੰਜ ਸਤਰਾਂ ਲਿਖੋ।

**ਪਾਣੀ ਦੀ ਵਰਤੋਂ ਸੰਜਮ ਨਾਲ਼ ਕਰੋ।**





ਅਧਿਆਪਕ ਵਿਦਿਆਰਥੀਆਂ ਨੂੰ ਪਾਣੀ ਦੀ ਸੰਭਾਲ਼ ਕਰਨ ਸੰਬੰਧੀ ਪ੍ਰੇਰਿਤ ਕਰੇ।

ਪਾਠ 13

# ਮਹਾਰਾਜਾ ਰਣਜੀਤ ਸਿੰਘ



ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਗੱਲ ਹੈ। ਖ਼ੁਸ਼ਹਾਲ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਖ਼ਾਸ ਡਿਓੜ੍ਹੀ ਅੱਗੇ ਪਹਿਰਾ ਦੇ ਰਿਹਾ ਸੀ। ਉਹ ਆਪਣਾ ਕੰਮ ਬੜੀ ਚੰਗੀ ਤਰ੍ਹਾਂ ਕਰਦਾ ਸੀ। ਮਹਾਰਾਜਾ ਉਸ ਉੱਤੇ ਬੜੇ ਖ਼ੁਸ਼ ਸਨ।

ਇੱਕ ਵਾਰ ਦੀ ਗੱਲ ਹੈ। ਰਾਤ ਦਾ ਸਮਾਂ ਸੀ। ਮਹਾਰਾਜਾ ਰਣਜੀਤ ਸਿੰਘ ਨੇ ਭੇਸ ਬਦਲਿਆ ਹੋਇਆ ਸੀ। ਉਹ ਖ਼ੁਸ਼ਹਾਲ ਸਿੰਘ ਦੇ ਕੰਮ ਨੂੰ ਵੇਖਣ ਲਈ ਡਿਓੜ੍ਹੀ ਕੋਲ਼ ਆਏ।

ਖ਼ੁਸ਼ਹਾਲ ਸਿੰਘ ਨੇ ਪੁੱਛਿਆ, "ਕੌਣ ਹੈ ?"

| | | |
|---|---|---|
| ਮਹਾਰਾਜਾ | : | ਮੈਂ ਡਿਓੜ੍ਹੀ ਦੇ ਅੰਦਰ ਰਹਿਣ ਵਾਲ਼ਾ ਆਦਮੀ ਹਾਂ। ਮੈਂ ਅੰਦਰ ਜਾਣਾ ਚਾਹੁੰਦਾ ਹਾਂ। |
| ਖ਼ੁਸ਼ਹਾਲ ਸਿੰਘ | : | ਤੂੰ ਡਿਓੜ੍ਹੀ ਦੇ ਅੰਦਰ ਨਹੀਂ ਜਾ ਸਕਦਾ! |
| ਮਹਾਰਾਜਾ | : | ਰਾਤ ਬਹੁਤ ਬੀਤ ਗਈ ਹੈ, ਮੈਨੂੰ ਅੰਦਰ ਜਾਣ ਦੇ। |
| ਖ਼ੁਸ਼ਹਾਲ ਸਿੰਘ | : | ਤੈਨੂੰ ਪਤਾ ਹੋਣਾ ਚਾਹੀਦਾ ਹੈ ਕਿ ਰਾਤ ਦੇ ਬਾਰਾਂ ਵਜੇ ਤੋਂ ਪਿੱਛੋਂ ਕੋਈ ਵੀ ਅੰਦਰ ਨਹੀਂ ਜਾ ਸਕਦਾ। |
| ਮਹਾਰਾਜਾ | : | ਪਰ ਮੈਂ ਵੀ ਤੇਰੇ ਵਰਗਾ ਸਿਪਾਹੀ ਹਾਂ। ਸਿਪਾਹੀ ਨੂੰ ਸਿਪਾਹੀ ਦੀ ਮਦਦ ਕਰਨੀ ਚਾਹੀਦੀ ਹੈ। |
| ਖ਼ੁਸ਼ਹਾਲ ਸਿੰਘ | : | ਤੂੰ ਸਿਪਾਹੀ ਨਹੀਂ ਹੋ ਸਕਦਾ। ਮਹਾਰਾਜਾ ਰਣਜੀਤ ਸਿੰਘ ਦਾ ਹਰ ਸਿਪਾਹੀ ਕਨੂੰਨ ਜਾਣਦਾ ਹੈ। |
| ਮਹਾਰਾਜ | : | ਜੇ ਕੋਈ ਸਰਦਾਰ ਅੰਦਰ ਜਾਣ ਲਈ ਕਹੇ ਤਾਂ ਕੀ ਤੂੰ ਨਹੀਂ ਜਾਣ ਦੇਵੇਂਗਾ? |
| ਖ਼ੁਸ਼ਹਾਲ ਸਿੰਘ | : | ਸਰਦਾਰ ਜੀ, ਸਰਦਾਰ ਛੱਡ ਕੇ ਮਹਾਰਾਜਾ ਰਣਜੀਤ ਸਿੰਘ ਆਪ ਵੀ ਕਹਿਣ ਤਾਂ ਮੈਂ ਉਹਨਾਂ ਨੂੰ ਵੀ ਨਹੀਂ ਜਾਣ ਦਿਆਂਗਾ। |
| ਮਹਾਰਾਜਾ | : | ਕੀ ਤੂੰ ਮਹਾਰਾਜਾ ਰਣਜੀਤ ਸਿੰਘ ਨੂੰ ਪਛਾਣਦਾ ਹੈਂ? |
| ਖ਼ੁਸ਼ਹਾਲ ਸਿੰਘ | : | ਨਹੀਂ, ਮੈਂ ਆਪਣੇ ਕੰਮ ਨੂੰ ਪਛਾਣਦਾ ਹਾਂ। |

ਸਾਰੀ ਰਾਤ ਮਹਾਰਾਜਾ ਰਣਜੀਤ ਸਿੰਘ ਡਿਓੜ੍ਹੀ ਤੋਂ ਬਾਹਰ ਰਹੇ। ਦਿਨ ਚੜ੍ਹ ਗਿਆ। ਲੋਕਾਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਪਛਾਣ ਲਿਆ। ਜਦ ਖ਼ੁਸ਼ਹਾਲ ਸਿੰਘ ਨੂੰ ਪਤਾ ਲੱਗਾ ਤਾਂ ਉਹ ਬਹੁਤ ਡਰ ਗਿਆ। ਉਹ ਕੰਬਣ ਲੱਗ ਪਿਆ ਕਿ ਮਹਾਰਾਜਾ ਸਾਹਿਬ ਉਸ ਨੂੰ ਸਖ਼ਤ ਸਜ਼ਾ ਦੇਣਗੇ।

ਜਦੋਂ ਦਰਬਾਰ ਲੱਗਾ, ਮਹਾਰਾਜਾ ਰਣਜੀਤ ਸਿੰਘ ਨੇ ਖ਼ੁਸ਼ਹਾਲ ਸਿੰਘ ਨੂੰ ਬੁਲਾਇਆ।

ਮਹਾਰਾਜਾ ਰਣਜੀਤ ਸਿੰਘ ਨੇ ਉੱਠ ਕੇ ਉਸ ਨੂੰ ਥਾਪੀ ਦਿੱਤੀ ਅਤੇ ਕਿਹਾ, "ਮੈਂ ਤੇਰੇ ਤੋਂ ਬਹੁਤ ਖ਼ੁਸ਼ ਹਾਂ। ਤੂੰ ਆਪਣਾ ਕੰਮ ਬਹੁਤ ਚੰਗੀ ਤਰ੍ਹਾਂ ਕੀਤਾ ਹੈ। ਤੇਰੇ ਵਰਗੇ ਵਫ਼ਾਦਾਰ ਸਿਪਾਹੀ ਹੀ ਮੈਨੂੰ ਚਾਹੀਦੇ ਹਨ।"

ਉਸ ਦਿਨ ਤੋਂ ਬਾਅਦ ਮਹਾਰਾਜ ਸਾਹਿਬ ਨੇ ਉਸ ਨੂੰ ਕਿਸੇ ਵੱਡੀ ਨੌਕਰੀ ਉੱਤੇ ਲਾ ਦਿੱਤਾ।

# ਪਾਠ-ਅਭਿਆਸ



**1. ਸ਼ਬਦ-ਅਰਥ :**

| | | | |
|---|---|---|---|
| ਡਿਓੜ੍ਹੀ | : ਮਕਾਨ ਵਿੱਚ ਦਾਖ਼ਲ ਹੋਣ ਵਾਲ਼ਾ ਮੂਹਰਲਾ ਕਮਰਾ | | |
| ਭੇਸ | : ਪਹਿਰਾਵਾ | ਬੀਤ ਗਈ | : ਲੰਘ ਗਈ |
| ਥਾਪੀ ਦਿੱਤੀ | : ਸ਼ਾਬਾਸ਼ ਦਿੱਤੀ | ਵਫ਼ਾਦਾਰ | : ਭਰੋਸੇਮੰਦ |

**2. ਮੌਖਿਕ ਪ੍ਰਸ਼ਨ :**

- **ਖ਼ੁਸ਼ਹਾਲ ਸਿੰਘ ਕਿੱਥੇ ਖੜ੍ਹਾ ਪਹਿਰਾ ਦੇ ਰਿਹਾ ਸੀ ?**
- **ਡਿਓੜ੍ਹੀ ਦੇ ਅੰਦਰ ਕੌਣ ਜਾਣਾ ਚਾਹੁੰਦਾ ਸੀ ?**
- **ਮਹਾਰਾਜਾ ਕਿਸ ਸਮੇਂ ਭੇਸ ਬਦਲ ਕੇ ਗਿਆ ?**

**3. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :**

(ੳ) ਤੂੰ .................... ਦੇ ਅੰਦਰ ਨਹੀਂ ਜਾ ਸਕਦਾ।

(ਅ) ਹਰ ਸਿਪਾਹੀ .................. ਜਾਣਦਾ ਹੈ ?

(ੲ) ਤੇਰੇ ਵਰਗੇ ................ ਸਿਪਾਹੀ ਮੈਨੂੰ ਚਾਹੀਦੇ ਹਨ।

(ਸ) ਮਹਾਰਾਜਾ ਰਣਜੀਤ ਸਿੰਘ ਨੇ ਉਸ ਨੂੰ ਕਿਸੇ ਵੱਡੀ .......... ਉੱਤੇ ਲਾ ਦਿੱਤਾ।

(ਨੌਕਰੀ, ਡਿਓੜ੍ਹੀ, ਵਫ਼ਾਦਾਰ, ਕਨੂੰਨ)

**4. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(ੳ) ਮਹਾਰਾਜਾ ਰਣਜੀਤ ਸਿੰਘ ਦੀ ਖ਼ਾਸ ਡਿਓੜ੍ਹੀ ਅੱਗੇ ਪਹਿਰਾ ਕੌਣ ਦਿੰਦਾ ਸੀ ?

(ਅ) ਖ਼ੁਸ਼ਹਾਲ ਸਿੰਘ ਦੇ ਕੰਮ ਨੂੰ ਦੇਖਣ ਲਈ ਕਿਸ ਨੇ ਭੇਸ ਬਦਲਿਆ ਸੀ ?

(ੲ) ਖ਼ੁਸ਼ਹਾਲ ਸਿੰਘ ਨੇ ਸਿਪਾਹੀ (ਮਹਾਰਾਜੇ) ਨੂੰ ਅੰਦਰ ਕਿਉਂ ਨਾ ਜਾਣ ਦਿੱਤਾ ?

(ਸ) ਮਹਾਰਾਜਾ ਰਣਜੀਤ ਸਿੰਘ ਨੇ ਵਫ਼ਾਦਾਰ ਸਿਪਾਹੀ ਨੂੰ ਕੀ ਇਨਾਮ ਦਿੱਤਾ ?

**5. ਜਿਹੜਾ ਸ਼ਬਦ ਪਾਠ ਨਾਲ਼ ਮੇਲ਼ ਨਹੀਂ ਖਾਂਦਾ, ਉਸ ਉੱਤੇ ਗ਼ਲਤ (×) ਦਾ ਨਿਸ਼ਾਨ ਲਾਓ :**

ਮਹਿਲ ਡਿਓੜ੍ਹੀ ਪਹਿਰੇਦਾਰ ਇੱਲ ਮਹਾਰਾਜਾ

**6. ਸਮਝੋ ਤੇ ਲਿਖੋ :**

ਦਿਨ : ਰਾਤ

ਚੰਗਾ :

ਵੱਡਾ :

ਅੰਦਰ :

ਖ਼ਾਸ :

**ਅਧਿਆਪਕ ਮਹਾਰਾਜਾ ਰਣਜੀਤ ਨਾਲ਼ ਸੰਬੰਧਿਤ ਕੋਈ ਹੋਰ ਕਹਾਣੀ ਸੁਣਾਏ।**

ਪਾਠ 14

# ਬਾਲਕ ਬੀਬੇ-ਰਾਣੇ

ਅਸੀਂ ਹਾਂ ਬਾਲਕ ਬੀਬੇ-ਰਾਣੇ।
ਸਾਰੇ ਸਾਨੂੰ ਕਹਿਣ ਸਿਆਣੇ।



ਬਿਸਤਰ 'ਚੋਂ ਉੱਠ ਜਲਦੀ ਜਾਈਏ।
ਦੰਦ ਸਾਫ਼ ਕਰ ਆਪੇ ਨ੍ਹਾਈਏ।
ਆਪਣੇ-ਆਪ ਬਦਲੀਏ ਬਾਣੇ।
ਅਸੀਂ ਹਾਂ ਬਾਲਕ ਬੀਬੇ-ਰਾਣੇ।



ਹੱਥ ਧੋਤਿਆਂ ਬਿਨ ਨਾ ਖਾਈਏ।
ਨਾ ਭੋਜਨ ਨੂੰ ਵਿਅਰਥ ਗੁਆਈਏ।
ਸਬਰ-ਸ਼ੁਕਰ ਨਾਲ਼ ਛਕੀਏ ਖਾਣੇ।
ਅਸੀਂ ਹਾਂ ਬਾਲਕ ਬੀਬੇ-ਰਾਣੇ



ਵੱਡਿਆਂ ਦੇ ਪੈਰੀਂ ਹੱਥ ਲਾਈਏ।
ਕੰਮਾਂ ਦੇ ਵਿੱਚ ਹੱਥ ਵਟਾਈਏ।
ਸਾਰੇ ਹਾਣੀ ਮਿੱਤਰ ਬਣਾਉਣੇ।
ਅਸੀਂ ਹਾਂ ਬਾਲਕ ਬੀਬੇ-ਰਾਣੇ।



ਚਾਈਂ-ਚਾਈਂ ਸਕੂਲ ਨੂੰ ਜਾਈਏ।

ਕੰਮ ਰੋਜ਼ ਦਾ ਰੋਜ਼ ਮੁਕਾਈਏ।

ਬਾਲ-ਸਭਾ ਵਿੱਚ ਗੀਤ ਸੁਣਾਉਣੇ।

ਅਸੀਂ ਹਾਂ ਬਾਲਕ ਬੀਬੇ-ਰਾਣੇ।

ਇੱਕ ਦਿਨ ਅਸੀਂ ਮਹਾਨ ਬਣਾਂਗੇ।

ਭਾਰਤ-ਮਾਂ ਦੀ ਸ਼ਾਨ ਬਣਾਂਗੇ।

ਕੋਈ ਨਾ ਸਾਨੂੰ ਨਿੱਕੇ ਜਾਣੇ।

ਸਾਰੇ ਸਾਨੂੰ ਕਹਿਣ ਸਿਆਣੇ।

ਅਸੀਂ ਹਾਂ ਬਾਲਕ ਬੀਬੇ-ਰਾਣੇ।

## ਪਾਠ-ਅਭਿਆਸ

**1. ਸ਼ਬਦ-ਅਰਥ :**

| | | | | | |
|---|---|---|---|---|---|
| ਬੀਬੇ | : | ਸਿਆਣੇ | ਬਾਣੇ | : | ਪਹਿਨਣ ਵਾਲ਼ੇ ਕੱਪੜੇ |
| ਸਬਰ | : | ਧੀਰਜ | ਸ਼ੁਕਰ | : | ਧੰਨਵਾਦ |

**2. ਕਵਿਤਾ ਦੀ ਮਦਦ ਨਾਲ਼ ਹੇਠ ਲਿਖੀਆਂ ਸਤਰਾਂ ਨੂੰ ਪੂਰੀਆਂ ਕਰੋ:**

(ੳ) ਬਿਸਤਰ 'ਚੋਂ ..............................

ਦੰਦ ਸਾਫ਼ ..............................

(ਅ) ਹੱਥ ਧੋਤਿਆਂ ..............................

ਨਾ ਭੋਜਨ ..............................

(ੲ) ਵੱਡਿਆਂ ਦੇ

ਕੰਮਾਂ ਦੇ ਵਿੱਚ

**3. ਤੁਕਾਂਤ ਮਿਲਾ ਕੇ ਸਤਰਾਂ ਪੂਰੀਆਂ ਕਰੋ:**

(ੳ) ਜੇ ਵੱਡਿਆਂ ਦਾ ਕਰੀਏ ਸਤਿਕਾਰ,

ਤਾਂ ਹੀ ਸਾਨੂੰ ਮਿਲੂ ਉਹਨਾਂ ਦਾ ..........................।

(ਅ) ਚੰਗੇ ਬੱਚੇ ਰੱਖਦੇ ਸਫ਼ਾਈ,

ਨਾਲ਼ੇ ਕਰਦੇ ਨੇ ਖ਼ੂਬ ..........................।

**4. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

(ੳ) ਬੀਬੇ-ਰਾਣੇ ਬਾਲਕ ਸਵੇਰ ਵੇਲ਼ੇ ਕੀ ਕਰਦੇ ਹਨ ?

(ਅ) ਬੀਬੇ ਰਾਣੇ ਬਾਲਕ ਦੀਆਂ ਖਾਣ ਸੰਬੰਧੀ ਆਦਤਾਂ ਕਿਹੋ-ਜਿਹੀਆਂ ਹਨ ?

(ੲ) ਬਾਲਕ ਬੀਬੇ-ਰਾਣੇ ਵੱਡਿਆਂ ਲਈ ਕੀ ਕਰਦੇ ਹਨ ?

(ਸ) ਬਾਲਕ ਬੀਬੇ-ਰਾਣੇ ਵੱਡੇ ਹੋ ਕੇ ਕੀ ਬਣਨਗੇ?

5. ਇਸ ਕਵਿਤਾ 'ਚੋਂ ਬੀਬੇ-ਰਾਣੇ, ਆਪਣੇ-ਆਪ ਜਿਹੇ ਹੋਰ (ਸਮਾਸੀ) ਸ਼ਬਦ ਚੁਣ ਕੇ ਲਿਖੋ।

6. ਦੱਸੇ ਅਨੁਸਾਰ ਸ਼ਬਦਾਂ ਨੂੰ ਮਿਲਾਓ :

| | |
|---|---|
| ਬਾਲਕ | ਵੱਡੇ |
| ਵਿਅਰਥ | ਖ਼ੁਸ਼ੀ-ਖ਼ੁਸ਼ੀ |
| ਛਕੀਏ | ਫ਼ਜ਼ੂਲ |
| ਚਾਈਂ-ਚਾਈਂ | ਖਾਈਏ |
| ਮਹਾਨ | ਬੱਚੇ |

ਅਧਿਆਪਕ ਵਿਦਿਆਰਥੀਆਂ ਨੂੰ ਚੰਗੀਆਂ ਆਦਤਾਂ ਅਪਣਾਉਣ ਲਈ ਪ੍ਰੇਰਿਤ ਕਰਨ।

ਕਵਿਤਾ ਨੂੰ ਜ਼ਬਾਨੀ ਗਾ ਕੇ ਜਮਾਤ ਵਿੱਚ ਸੁਣਾਓ।

ਪਾਠ 15

# ਮੱਕੜੀ ਦੀ ਹਿੰਮਤ

ਇੱਕ ਸੀ ਰਾਜਾ। ਉਹ ਆਪਣੀ ਪਰਜਾ ਦਾ ਬਹੁਤ ਧਿਆਨ ਰੱਖਦਾ ਸੀ। ਪਰਜਾ ਵੀ ਆਪਣੇ ਰਾਜੇ ਦਾ ਬਹੁਤ ਸਤਿਕਾਰ ਕਰਦੀ ਸੀ।

ਇੱਕ ਵਾਰ ਦੀ ਗੱਲ ਹੈ ਕਿ ਕਿਸੇ ਦੂਸਰੇ ਦੇਸ ਦੇ ਰਾਜੇ ਨੇ ਉਸ ਦੇਸ ਉੱਤੇ ਹਮਲਾ ਕਰ ਦਿੱਤਾ। ਰਾਜੇ ਦੀਆਂ ਫ਼ੌਜਾਂ ਬਹੁਤ ਬਹਾਦਰੀ ਨਾਲ਼ ਲੜੀਆਂ ਪਰੰਤੂ ਰਾਜੇ ਦੀ ਹਾਰ ਹੋ ਗਈ।ਰਾਜਾ ਦੁਸ਼ਮਣ ਦੀਆਂ ਫ਼ੌਜਾਂ ਤੋਂ ਬਚਦਾ ਹੋਇਆ ਦੂਰ ਚਲਾ ਗਿਆ। ਉਹ ਜੰਗਲ਼ ਦੀ ਇੱਕ ਗੁਫਾ ਵਿੱਚ ਰਹਿਣ ਲੱਗਾ।

ਇੱਕ ਦਿਨ ਰਾਜਾ ਗੁਫ਼ਾ ਵਿੱਚ ਬੈਠਾ ਕੁਝ ਸੋਚ ਰਿਹਾ ਸੀ। ਉਸ ਨੇ ਦੇਖਿਆ ਕਿ ਇੱਕ ਮੱਕੜੀ ਵਾਰ-ਵਾਰ ਕੰਧ ਉੱਪਰ ਚੜ੍ਹਨ ਦੀ ਕੋਸ਼ਸ਼ ਕਰ ਰਹੀ ਹੈ।ਮੱਕੜੀ ਕੰਧ ਉੱਪਰ ਕੁਝ ਦੂਰੀ ਤੱਕ ਚੜ੍ਹਦੀ ਹੈ, ਫਿਰ ਡਿਗ ਪੈਂਦੀ ਹੈ।ਅਜਿਹਾ ਕਈ ਵਾਰ ਹੋਇਆ ਤਾਂ ਵੀ ਮੱਕੜੀ ਨੇ ਕੰਧ ਉੱਤੇ ਚੜ੍ਹਨਾ ਨਾ ਛੱਡਿਆ।

ਰਾਜਾ ਧਿਆਨ ਨਾਲ਼ ਮੱਕੜੀ ਵੱਲ ਦੇਖ ਰਿਹਾ ਸੀ। ਇੱਕ ਵਾਰ ਤਾਂ ਮੱਕੜੀ ਅਖੀਰ ਤੱਕ ਪਹੁੰਚਣ ਵਾਲ਼ੀ ਹੀ ਸੀ ਕਿ ਫਿਰ ਹੇਠਾਂ ਡਿਗ ਪਈ। ਹੁਣ ਰਾਜੇ ਨੂੰ ਮੱਕੜੀ ਨਾਲ਼ ਹਮਦਰਦੀ ਹੋ ਰਹੀ ਸੀ। ਰਾਜਾ ਮੱਕੜੀ ਵੱਲ ਦੇਖਦਾ ਰਿਹਾ, ਦੇਖਦਾ ਰਿਹਾ।

ਮੱਕੜੀ ਨੇ ਆਪਣੀ ਕੋਸ਼ਸ਼ ਜਾਰੀ ਰੱਖੀ।ਮੱਕੜੀ ਆਪਣੀ ਮੰਜ਼ਲ ਤੱਕ ਪਹੁੰਚਣਾ ਚਾਹੁੰਦੀ ਸੀ। ਇਸੇ ਕਰਕੇ ਉਹ ਵਾਰ-ਵਾਰ ਕੋਸ਼ਸ਼ ਕਰ ਰਹੀ ਸੀ। ਅੰਤ ਨੂੰ ਮੱਕੜੀ ਆਪਣੇ ਜਾਲ਼ ਵਿੱਚ ਪਹੁੰਚ ਗਈ। ਮੱਕੜੀ ਦੀ ਹਿੰਮਤ ਦੇਖ ਕੇ ਰਾਜਾ ਬਹੁਤ ਖ਼ੁਸ਼ ਹੋਇਆ।

ਰਾਜੇ ਦੇ ਮਨ ਵਿੱਚ ਇੱਕ ਫੁਰਨਾ ਫੁਰਿਆ ਕਿ ਜੇਕਰ ਮੱਕੜੀ ਵਰਗਾ ਇੱਕ ਨਿੱਕਾ ਜਿਹਾ ਜੀਵ ਵਾਰ-ਵਾਰ ਕੋਸ਼ਸ਼ ਕਰ ਕੇ ਆਪਣੀ ਮੰਜ਼ਲ ਤੱਕ ਪਹੁੰਚ ਸਕਦਾ ਹੈ ਤਾਂ ਮੈਂ ਵੀ ਹਿੰਮਤ ਕਰ ਸਕਦਾ ਹਾਂ। ਹੁਣ ਰਾਜੇ ਨੂੰ ਮੁੜ ਹੌਸਲਾ ਹੋਇਆ।

ਰਾਜਾ ਆਪਣੇ ਰਾਜ ਵਿੱਚ ਵਾਪਸ ਚਲਿਆ ਗਿਆ। ਉਸ ਨੇ ਆਪਣੀ ਫ਼ੌਜ ਦੁਬਾਰਾ ਇਕੱਠੀ ਕੀਤੀ। ਰਾਜੇ ਨੇ ਫ਼ੌਜ ਇਕੱਠੀ ਕਰ ਕੇ ਦੁਸ਼ਮਣ ਉੱਤੇ ਹਮਲਾ ਕਰ ਦਿੱਤਾ। ਅੰਤ ਰਾਜੇ ਦੀ ਜਿੱਤ ਹੋਈ।



ਪਰਜਾ ਦਾ ਪਿਆਰਾ ਰਾਜਾ ਹੁਣ ਫਿਰ ਆਪਣੇ ਲੋਕਾਂ ਦੇ ਕੰਮ ਕਰਨ ਲਈ ਹਾਜ਼ਰ ਸੀ। ਪਰਜਾ ਖ਼ੁਸ਼ ਸੀ ਕਿ ਸਾਡਾ ਰਾਜਾ ਵਾਪਸ ਆ ਗਿਆ ਹੈ। ਰਾਜੇ ਨੇ ਆਪਣੀ ਪਰਜਾ ਨੂੰ ਦੱਸਿਆ ਕਿ ਇੱਕ ਛੋਟੀ ਜਿਹੀ ਮੱਕੜੀ ਨੇ ਉਸ ਦਾ ਉਤਸ਼ਾਹ ਵਧਾਇਆ। ਰਾਜੇ ਨੇ ਆਪਣੀ ਪਰਜਾ ਨੂੰ ਇਹੀ ਸਬਕ ਸਿਖਾਇਆ ਕਿ ਮੁੜ-ਮੁੜ ਕੋਸ਼ਸ਼ ਕਰਨ ਨਾਲ਼ ਕਾਮਯਾਬੀ ਮਿਲ਼ਦੀ ਹੈ।

## ਪਾਠ-ਅਭਿਆਸ

### 1. ਸ਼ਬਦ-ਅਰਥ :

| | | | | | |
|---|---|---|---|---|---|
| ਪਰਜਾ | : | ਲੋਕ | ਸਤਿਕਾਰ | : | ਆਦਰ |
| ਬਹਾਦਰੀ | : | ਦਲੇਰੀ | ਹਾਜ਼ਰ | : | ਮੌਜੂਦ |
| ਹਿੰਮਤ | : | ਉੱਦਮ | ਕਾਮਯਾਬੀ | : | ਸਫਲਤਾ |
| ਉਤਸ਼ਾਹ | : | ਹੌਸਲਾ | ਫੁਰਨਾ-ਫੁਰਿਆ | : | ਵਿਚਾਰ ਆਇਆ |

### 2. ਮੌਖਿਕ ਪ੍ਰਸ਼ਨ :

- ਮੱਕੜੀ ਆਪਣੀ ਮੰਜ਼ਲ ਤੱਕ ਪਹੁੰਚਣ ਲਈ ਵਾਰ-ਵਾਰ ਕੀ ਕਰ ਰਹੀ ਸੀ ?
- ਆਪਣੇ ਰਾਜ ਵਿੱਚ ਵਾਪਸ ਜਾ ਕੇ ਰਾਜੇ ਨੇ ਕੀ ਕੀਤਾ ?

- **ਰਾਜੇ ਨੇ ਕਾਮਯਾਬੀ ਦਾ ਸਬਕ ਕਿਸ ਤੋਂ ਸਿੱਖਿਆ ?**

**3. ਠੀਕ ਉੱਤਰ ਅੱਗੇ ਸਹੀ (√) ਦਾ ਨਿਸ਼ਾਨ ਲਾਓ :**

1. ਪਰਜਾ ਰਾਜੇ ਦਾ ਕੀ ਕਰਦੀ ਸੀ ?

ਗ਼ੁੱਸਾ ☐ ਪਿਆਰ ☐ ਸਤਿਕਾਰ ☐

2. ਜੰਗਲ਼ ਵਿੱਚ ਰਾਜਾ ਕਿੱਥੇ ਰਹਿਣ ਲੱਗਾ ?

ਦਰਖ਼ਤ ਉੱਪਰ ☐ ਝਾੜੀਆਂ ਵਿੱਚ ☐ ਗੁਫਾ ਵਿੱਚ ☐

3. ਰਾਜੇ ਦਾ ਉਤਸ਼ਾਹ ਕਿਸ ਨੇ ਵਧਾਇਆ ?

ਸੈਨਿਕਾਂ ਨੇ ☐ ਸ਼ੇਰ ਨੇ ☐ ਮੱਕੜੀ ਨੇ ☐

**4. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :**

(ੳ) ਰਾਜੇ ਨੂੰ ਮੱਕੜੀ ਨਾਲ਼ .................... ਹੋ ਰਹੀ ਸੀ। (ਨਫ਼ਰਤ, ਹਮਦਰਦੀ)

(ਅ) ਰਾਜੇ ਦੀਆਂ ਫ਼ੌਜਾਂ ਬਹੁਤ ................ ਨਾਲ਼ ਲੜੀਆਂ। (ਬਹਾਦਰੀ, ਬੇਸਮਝੀ)

(ੲ) ਮੱਕੜੀ ਦੀ .......... ਦੇਖ ਕੇ ਰਾਜਾ ਬਹੁਤ ਖ਼ੁਸ਼ ਹੋਇਆ। (ਹਿੰਮਤ, ਚਤਰਾਈ)

(ਸ) ਹੁਣ ਰਾਜੇ ਨੂੰ ਮੁੜ .................... ਹੋਇਆ। (ਹੌਸਲਾ, ਫ਼ਿਕਰ)

(ਹ) ਅੰਤ ਨੂੰ ਰਾਜੇ ਦੀ .................... ਹੋਈ। (ਜਿੱਤ, ਹਾਰ)

**5. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(ੳ) ਰਾਜਾ ਦੁਸ਼ਮਣ ਦੀਆਂ ਫ਼ੌਜਾਂ ਤੋਂ ਬਚਣ ਲਈ ਕਿੱਥੇ ਰਹਿਣ ਲੱਗਾ ?

(ਅ) ਰਾਜੇ ਨੇ ਗੁਫ਼ਾ ਵਿੱਚ ਕਿਸ ਨੂੰ ਵੇਖਿਆ ?

(ੲ) ਮੱਕੜੀ ਵਾਰ–ਵਾਰ ਕੀ ਕੋਸ਼ਸ਼ ਕਰ ਰਹੀ ਸੀ ?

(ਸ) ਅੰਤ ਵਿੱਚ ਮੱਕੜੀ ਕਿੱਥੋਂ ਤੱਕ ਪਹੁੰਚ ਗਈ ?

**6. ਸਮਝੋ ਤੇ ਲਿਖੋ :**

| | | |
|---|---|---|
| ਰਾਜਾ | : | ਰਾਣੀ |
| ਬਿੱਲਾ | : | ........................ |
| ਚੂਹਾ | : | ........................ |
| ਸ਼ੇਰ | : | ........................ |

ਮਿਹਨਤ ਹੀ ਸਫਲਤਾ ਦੀ ਕੁੰਜੀ ਹੈ।

# ਪਾਠ 16 ਡਾਕਖ਼ਾਨੇ ਦੀ ਸੁਣੋ

ਪਿਆਰੇ ਬੱਚਿਓ!

ਮੈਨੂੰ ਪਤਾ ਹੈ ਕਿ ਹੁਣ ਘਰ-ਘਰ ਟੈਲੀਫੂਨ ਤੇ ਮੋਬਾਈਲ ਫ਼ੋਨ ਆ ਗਏ ਹਨ। ਤੁਸੀਂ ਮੇਰੇ ਕੋਲ਼ ਕਦੇ-ਕਦਾਈਂ ਹੀ ਆਉਂਦੇ ਹੋ ਪਰ ਮੈਂ ਤੁਹਾਡਾ ਸਭਨਾਂ ਦਾ ਮਿੱਤਰ ਹਾਂ। ਆਓ, ਤੁਹਾਨੂੰ ਮੈਂ ਦੱਸਦਾ ਹਾਂ ਕਿ ਮੈਂ ਤੁਹਾਡੇ ਕਿਹੜੇ-ਕਿਹੜੇ ਕੰਮ ਕਰਦਾ ਹਾਂ।

ਚਿੱਠੀਆਂ ਲਿਖਣ ਲਈ ਕਾਰਡ, ਲਿਫ਼ਾਫ਼ੇ ਅਤੇ ਅੰਤਰਦੇਸੀ ਲਿਫ਼ਾਫ਼ੇ ਮੇਰੇ ਕੋਲ਼ੋਂ ਹੀ ਮਿਲ਼ਦੇ ਹਨ। ਪੈਸੇ ਦੇ ਕੇ ਤੁਸੀਂ ਕਾਰਡ, ਲਿਫ਼ਾਫ਼ੇ ਤੇ ਟਿਕਟਾਂ ਮੇਰੇ ਕੋਲ਼ੋਂ ਲਿਜਾ ਸਕਦੇ ਹੋ।

ਤੁਹਾਡੀ ਲਿਖੀ ਚਿੱਠੀ ਨੂੰ ਇੱਕ ਥਾਂ ਤੋਂ ਦੂਜੀ ਥਾਂ ਪਹੁੰਚਾਉਣਾ ਵੀ ਮੇਰਾ ਹੀ ਕੰਮ ਹੈ। ਤੁਸੀਂ ਚਿੱਠੀ ਲਿਖ ਕੇ ਲਿਫ਼ਾਫ਼ਾ ਬੰਦ ਕਰ ਦਿਓ। ਲਿਫ਼ਾਫ਼ੇ ਉੱਪਰ ਪਤਾ ਸਾਫ਼-ਸਾਫ਼ ਲਿਖੋ। ਪਿੰਨ-ਕੋਡ ਲਿਖਣਾ ਕਦੇ ਨਾ ਭੁੱਲੋ। ਫਿਰ ਚਿੱਠੀ ਮੇਰੇ ਲੈਟਰ-ਬਾਕਸ ਵਿੱਚ ਪਾ ਦਿਓ। ਇਸ ਤਰ੍ਹਾਂ ਇਹ ਸਾਰੀਆਂ ਚਿੱਠੀਆਂ ਮੇਰੇ ਕੋਲ਼ ਆ ਜਾਂਦੀਆਂ ਹਨ। ਇਹਨਾਂ ਚਿੱਠੀਆਂ 'ਤੇ ਮੋਹਰਾਂ ਲਾਈਆਂ ਜਾਂਦੀਆਂ ਹਨ। ਫਿਰ ਵੱਖ-ਵੱਖ ਥਾਂਵਾਂ ਦੀਆਂ ਚਿੱਠੀਆਂ ਵੱਖਰੇ-ਵੱਖਰੇ ਥੈਲਿਆਂ ਵਿੱਚ ਪਾ ਦਿੱਤੀਆਂ ਜਾਂਦੀਆਂ ਹਨ। ਇਹਨਾਂ ਥੈਲਿਆਂ ਨੂੰ ਬੱਸਾਂ, ਰੇਲਗੱਡੀਆਂ ਅਤੇ ਹਵਾਈ ਜਹਾਜ਼ਾਂ ਰਾਹੀਂ ਇੱਕ ਤੋਂ ਦੂਸਰੀ ਥਾਂ ਭੇਜਿਆ ਜਾਂਦਾ ਹੈ। ਫਿਰ ਉੱਥੋਂ ਦਾ ਡਾਕੀਆ ਘਰ-ਘਰ ਤੁਹਾਡੀਆਂ ਚਿੱਠੀਆਂ ਪਹੁੰਚਾਉਂਦਾ ਹੈ।

ਜੇਕਰ ਤੁਸੀਂ ਆਪਣੇ ਮਿੱਤਰ/ਸਹੇਲੀ ਨੂੰ ਕੋਈ ਤੋਹਫ਼ਾ ਭੇਜਣਾ ਹੋਵੇ ਤਾਂ ਮੈਂ ਪਾਰਸਲ ਰਾਹੀਂ ਭੇਜ ਸਕਦਾ ਹਾਂ। ਮਨੀਆਰਡਰ ਰਾਹੀਂ ਤੁਹਾਡੇ ਰੁਪਏ-ਪੈਸੇ ਵੀ ਮੈਂ ਇੱਕ ਤੋਂ ਦੂਸਰੀ ਥਾਂ ਭੇਜ ਸਕਦਾ ਹਾਂ। ਤਾਰ ਰਾਹੀਂ ਤੁਹਾਡਾ ਜ਼ਰੂਰੀ ਸੁਨੇਹਾ ਪਹੁੰਚਾਉਣਾ ਵੀ ਕਦੇ ਮੇਰਾ ਹੀ ਕੰਮ ਸੀ ਪਰ ਹੁਣ ਤਾਰ ਰਾਹੀਂ ਸੁਨੇਹਾ ਭੇਜਣਾ ਬੰਦ ਹੋ ਗਿਆ ਹੈ।

ਬੱਚਿਓ! ਤੁਹਾਨੂੰ ਇੱਕ ਹੋਰ ਮਜ਼ੇਦਾਰ ਗੱਲ ਦੱਸਦਾ ਹਾਂ। ਤੁਸੀਂ ਵੱਖ-ਵੱਖ ਸਕੀਮਾਂ ਰਾਹੀਂ ਮੇਰੇ ਕੋਲ਼ ਰੁਪਏ ਜਮ੍ਹਾ ਕਰਵਾ ਸਕਦੇ ਹੋ। ਤੁਸੀਂ ਬੱਚਤ ਕਰ ਕੇ ਜਿੰਨੇ ਰੁਪਏ ਜਮ੍ਹਾ ਕਰਵਾਓਗੇ, ਉਸ ਤੋਂ ਵੱਧ ਮੈਂ ਵਾਪਸ ਦੇਵਾਂਗਾ। ਇਹ ਜਮ੍ਹਾ ਕੀਤੇ ਰੁਪਏ ਤੁਹਾਡੇ ਕੰਮ ਆਉਣਗੇ।

ਤੁਸੀਂ ਨਵੇਂ ਸਾਲ ਦਾ ਵਧਾਈ-ਕਾਰਡ ਪਾਉਂਦੇ ਹੋ। ਜਨਮ-ਦਿਨ ਦੇ ਵਧਾਈ-ਕਾਰਡ ਭੇਜਦੇ ਰਹਿੰਦੇ ਹੋ। ਭਾਵੇਂ ਟੈਲੀਫ਼ੂਨ ਅਤੇ ਈ-ਮੇਲ ਰਾਹੀਂ ਵੀ ਸੁਨੇਹੇ ਭੇਜੇ ਜਾ ਸਕਦੇ ਹਨ ਪਰ ਚਿੱਠੀ ਦੀ ਗੱਲ ਹੀ ਵੱਖਰੀ ਹੈ। ਤੁਸੀਂ ਆਪਣੇ ਰਿਸ਼ਤੇਦਾਰਾਂ ਨੂੰ ਚਿੱਠੀ ਜ਼ਰੂਰ ਲਿਖਿਆ ਕਰੋ। ਇਸ ਤਰ੍ਹਾਂ ਤੁਹਾਨੂੰ ਚਿੱਠੀ ਲਿਖਣੀ ਆ ਜਾਵੇਗੀ। ਤੁਹਾਡੇ ਰਿਸ਼ਤੇਦਾਰ ਤੁਹਾਡੀ ਚਿੱਠੀ ਪੜ੍ਹ ਕੇ ਖ਼ੁਸ਼ ਵੀ ਹੋਣਗੇ।



ਅੱਜ-ਕੱਲ੍ਹ ਮੈਂ ਨਵੇਂ ਢੰਗਾਂ ਨਾਲ਼ ਤੁਹਾਡੀ ਸੇਵਾ ਕਰਦਾ ਹਾਂ। ਸਪੀਡ-ਪੋਸਟ ਰਾਹੀਂ ਤੁਹਾਡੀਆਂ ਜ਼ਰੂਰੀ ਚਿੱਠੀਆਂ ਜਲਦੀ ਪਹੁੰਚਾਉਂਦਾ ਹਾਂ। ਤੁਸੀਂ ਆਪਣੇ ਟੈਲੀਫ਼ੂਨ ਅਤੇ ਬਿਜਲੀ ਦੇ ਬਿੱਲ ਵੀ ਮੇਰੇ ਕੋਲ਼ ਜਮ੍ਹਾ ਕਰਵਾ ਸਕਦੇ ਹੋ।

ਅੱਛਾ, ਜੇਕਰ ਕੋਈ ਹੋਰ ਜਾਣਕਾਰੀ ਲੈਣੀ ਹੋਵੇ ਤਾਂ ਮੇਰੇ ਕੋਲ਼ ਜ਼ਰੂਰ ਆਉਣਾ।

ਤੁਹਾਡਾ ਸਭਨਾਂ ਦਾ ਮਿੱਤਰ,

ਡਾਕਖ਼ਾਨਾ।

# ਪਾਠ-ਅਭਿਆਸ



## 1. ਸ਼ਬਦ-ਅਰਥ :

| | | | |
|---|---|---|---|
| ਅੰਤਰਦੇਸੀ | : ਵੱਖ-ਵੱਖ ਦੇਸਾਂ ਸੰਬੰਧੀ | ਪਾਰਸਲ | : ਡਾਕ ਰਾਹੀਂ ਕੋਈ ਚੀਜ਼ ਭੇਜਣਾ |
| ਬੱਚਤ | : ਕੁਝ ਬਚਾ ਕੇ ਰੱਖਣਾ | ਬਿੱਲ | : ਲੈਣਯੋਗ ਜਾਂ ਦੇਣਯੋਗ ਰਕਮ |

## 2. ਮੌਖਿਕ ਪ੍ਰਸ਼ਨ :

- **ਚਿੱਠੀਆਂ ਪਾਉਣ ਲਈ ਅਸੀਂ ਕਿੱਥੇ ਜਾਂਦੇ ਹਾਂ ?**
- **ਚਿੱਠੀ ਉੱਪਰ ਕੀ ਲਿਖਣਾ ਨਹੀਂ ਭੁੱਲਣਾ ਚਾਹੀਦਾ ?**
- **ਲੈਟਰ-ਬਾਕਸ ਕਿਸ ਰੰਗ ਦਾ ਹੁੰਦਾ ਹੈ ?**

## 3. ਠੀਕ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :

(ੳ) ਚਿੱਠੀਆਂ ਲਿਖਣ ਲਈ ਕਾਰਡ, ਲਿਫ਼ਾਫ਼ੇ ਅਤੇ ਅੰਤਰਦੇਸੀ ਲਿਫ਼ਾਫ਼ੇ .................... ਤੋਂ ਮਿਲ਼ਦੇ ਹਨ। (ਦਵਾਖ਼ਾਨੇ, ਡਾਕਖ਼ਾਨੇ)

(ਅ) ਲਿਫ਼ਾਫ਼ੇ ਉੱਪਰ .................... ਸਾਫ਼-ਸਾਫ਼ ਲਿਖੋ। (ਪਤਾ, ਚਿੱਠੀ)

(ੲ) .................... ਲਿਖਣਾ ਕਦੇ ਨਾ ਭੁੱਲੋ। (ਪਿੰਨ-ਕੋਡ, ਨੰਬਰ)

(ਸ) .................... ਘਰ-ਘਰ ਚਿੱਠੀਆਂ ਪਹੁੰਚਾਉਂਦਾ ਹੈ। (ਮਾਲੀ, ਡਾਕੀਆ)

(ਹ) ਡਾਕਖ਼ਾਨੇ ਵਿੱਚ .................... ਜਮ੍ਹਾ ਕਰਵਾ ਸਕਦੇ ਹੋ। (ਰੁਪਏ, ਸੋਨਾ)

(ਕ) .............. ਰਾਹੀਂ ਚਿੱਠੀਆਂ ਜਲਦੀ ਪਹੁੰਚਦੀਆਂ ਹਨ। (ਸਪੀਡ-ਪੋਸਟ, ਪੋਸਟ)

(ਖ) ਟੈਲੀਫੂਨ ਤੇ ਬਿਜਲੀ ਦੇ .................... ਡਾਕਖ਼ਾਨੇ ਵਿੱਚ ਜਮ੍ਹਾ ਕਰਵਾ ਸਕਦੇ ਹੋ। (ਬਿੱਲ, ਟੈੱਕਸ)

## 4. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਡਾਕਖ਼ਾਨਾ ਸਾਡੇ ਲਈ ਕੀ-ਕੀ ਕੰਮ ਕਰਦਾ ਹੈ ?

(ਅ) ਚਿੱਠੀ ਲਿਖ ਕੇ ਕਿੱਥੇ ਪਾਈ ਜਾਂਦੀ ਹੈ ?

(ੲ) ਸੁਨੇਹੇ ਜਲਦੀ ਕਿਵੇਂ ਭੇਜੇ ਜਾਂਦੇ ਹਨ ?

(ਸ) ਤੁਸੀਂ ਆਪਣੇ ਮਿੱਤਰ/ਸਹੇਲੀ ਨੂੰ ਤੋਹਫ਼ੇ ਕਿਵੇਂ ਭੇਜ ਸਕਦੇ ਹੋ ?

**5. ਠੀਕ ਵਾਕਾਂ ਦੇ ਅੱਗੇ ਠੀਕ (√) ਦਾ ਨਿਸ਼ਾਨ ਅਤੇ ਗ਼ਲਤ ਵਾਕਾਂ ਅੱਗੇ ਗ਼ਲਤ (×) ਦਾ ਨਿਸ਼ਾਨ ਲਾਓ :**

(ੳ) ਡਾਕਖ਼ਾਨੇ ਵਿੱਚ ਦਵਾਈਆਂ ਮਿਲ਼ਦੀਆਂ ਹਨ। ☐

(ਅ) ਡਾਕਖ਼ਾਨੇ ਵਿੱਚੋਂ ਲਿਫ਼ਾਫ਼ੇ, ਕਾਰਡ ਤੇ ਟਿਕਟਾਂ ਮਿਲ਼ਦੀਆਂ ਹਨ। ☐

(ੲ) ਡਾਕਖ਼ਾਨੇ ਵਿੱਚ ਜਮ੍ਹਾ ਕੀਤੇ ਤੁਹਾਡੇ ਰੁਪਏ ਵਾਪਸ ਨਹੀਂ ਮਿਲ਼ਦੇ। ☐

(ਸ) ਚਿੱਠੀਆਂ ਡਾਕਖ਼ਾਨੇ ਵਿੱਚ ਪਾਈਆਂ ਜਾਂਦੀਆਂ ਹਨ। ☐

(ਹ) ਲਿਫ਼ਾਫ਼ੇ ਉੱਪਰ ਪਤਾ ਤੇ ਪਿੰਨ-ਕੋਡ ਲਿਖਣਾ ਕਦੇ ਨਾ ਭੁੱਲੋ। ☐

## ਰਚਨਾਤਮਿਕ ਕਾਰਜ

ਲੈਟਰ–ਬਾਕਸ ਦੇ ਚਿੱਤਰ ਵਿੱਚ ਰੰਗ ਭਰੋ :




**ਸੰਚਾਰ ਦੇ ਆਧੁਨਿਕ ਸਾਧਨ :**







ਪਾਠ 17

# ਭੇਤ ਦੀ ਗੱਲ

ਬੜੀ ਪੁਰਾਣੀ ਗੱਲ ਹੈ। ਇੱਕ ਸ਼ਹਿਰ ਵਿੱਚ ਇੱਕ ਵਪਾਰੀ ਰਹਿੰਦਾ ਸੀ। ਉਸ ਦਾ ਕਾਰੋਬਾਰ ਦੂਰ-ਦੂਰ ਤੱਕ ਫੈਲਿਆ ਹੋਇਆ ਸੀ। ਉਹ ਇੱਕ ਥਾਂ ਤੋਂ ਸਮਾਨ ਖ਼ਰੀਦਦਾ ਅਤੇ ਦੂਜੀ ਥਾਂ ਵੇਚ ਦਿੰਦਾ। ਇਸ ਤਰ੍ਹਾਂ ਉਸ ਨੇ ਬਹੁਤ ਪੈਸਾ ਤੇ ਨਾਮ ਕਮਾਇਆ।

ਇੱਕ ਵਾਰ ਉਹ ਆਪਣੇ ਵਪਾਰ ਦੇ ਸੰਬੰਧ ਵਿੱਚ ਕਿਧਰੇ ਦੂਰ ਜਾਣ ਲੱਗਾ। ਉਸ ਨੇ ਆਪਣੇ ਘਰ ਦੇ ਸਾਰੇ ਜੀਆਂ ਨੂੰ ਪੁੱਛਿਆ, "ਉੱਥੋਂ ਤੁਹਾਡੇ ਲਈ ਕੀ ਲੈ ਕੇ ਆਵਾਂ ?" ਸਭ ਨੇ ਆਪਣੀ-ਆਪਣੀ ਪਸੰਦ ਦੀਆਂ ਚੀਜ਼ਾਂ ਦੱਸ ਦਿੱਤੀਆਂ। ਉਸ ਨੇ ਇੱਕ ਤੋਤਾ ਵੀ ਪਾਲ਼ਿਆ ਹੋਇਆ ਸੀ। ਤੋਤਾ ਬਹੁਤ ਸੋਹਣਾ ਸੀ। ਉਸ ਦੀ ਅਵਾਜ਼ ਬਹੁਤ ਮਨਮੋਹਣੀ ਸੀ। ਉਸ ਨੇ ਤੋਤੇ ਨੂੰ ਪੁੱਛਿਆ, "ਮੀਆਂ ਮਿੱਠੂ ! ਤੇਰੇ ਲਈ ਕੀ ਲੈ ਕੇ ਆਵਾਂ ?" ਤੋਤੇ ਨੇ ਕਿਹਾ, "ਮੈਂ ਕੁਝ ਮੰਗਵਾਉਣਾ ਤਾਂ ਨਹੀਂ



ਪਰ ਐਨਾ ਕੰਮ ਕਰ ਦੇਣਾ ਕਿ ਜਿੱਥੇ ਕਿਧਰੇ ਤੋਤੇ ਮਿਲ਼ਣ, ਉਹਨਾਂ ਨੂੰ ਮੇਰਾ ਸਲਾਮ ਕਰ ਦੇਣਾ। ਉਹਨਾਂ ਨੂੰ ਕਹਿਣਾ ਕਿ ਤੁਸੀਂ ਅਜ਼ਾਦ ਹੋ ਤੇ ਬਾਗ਼ਾਂ ਵਿੱਚ ਉੱਡਦੇ ਫਿਰਦੇ ਹੋ ਤੇ ਮੈਂ ਪਿੰਜਰੇ ਵਿੱਚ ਕੈਦ ਹਾਂ।"

ਵਪਾਰੀ ਤੁਰ ਪਿਆ। ਉਹ ਜਿੱਥੇ-ਜਿੱਥੇ ਵੀ ਜਾਂਦਾ, ਉੱਥੋਂ ਦੇ ਤੋਤਿਆਂ ਨੂੰ ਆਪਣੇ ਤੋਤੇ ਦਾ ਸੁਨੇਹਾ ਦਿੰਦਾ। ਫਿਰ ਸਫ਼ਰ ਕਰਦੇ-ਕਰਦੇ ਵਪਾਰੀ ਤੋਤੇ ਦੀ ਗੱਲ ਭੁੱਲ ਗਿਆ। ਇੱਕ ਦਿਨ ਉਸ ਨੇ ਇੱਕ ਦਰਖ਼ਤ 'ਤੇ ਬਹੁਤ ਸਾਰੇ ਤੋਤੇ ਬੈਠੇ ਦੇਖੇ। ਉਹ ਆਪਣੀ-ਆਪਣੀ ਬੋਲੀ ਬੋਲ ਰਹੇ ਸਨ। ਵਪਾਰੀ ਨੂੰ ਆਪਣੇ ਮੀਆਂ-ਮਿੱਠੂ ਦੀ ਗੱਲ ਯਾਦ ਆ ਗਈ। ਉਸ ਨੇ ਦਰਖ਼ਤ ਕੋਲ਼ ਜਾ ਕੇ ਕਿਹਾ, "ਐ, ਅਜ਼ਾਦ ਤੋਤਿਓ! ਦੂਰ ਇੱਕ ਸ਼ਹਿਰ ਵਿੱਚ, ਇੱਕ ਤੋਤਾ ਪਿੰਜਰੇ ਵਿੱਚ ਬੰਦ ਹੈ। ਉਸ ਨੇ ਤੁਹਾਨੂੰ ਸਲਾਮ ਕਿਹਾ ਹੈ।" ਇਹ ਸੁਣਦਿਆਂ ਹੀ ਸਾਰੇ ਤੋਤੇ ਚੁੱਪ ਕਰ ਗਏ।

ਵਪਾਰੀ ਨੇ ਫੇਰ ਕਿਹਾ, "ਉਸ ਤੋਤੇ ਨੇ ਇਹ ਸੁਨੇਹਾ ਦਿੱਤਾ ਹੈ ਕਿ ਤੁਸੀਂ ਤਾਂ ਅਜ਼ਾਦ ਹੋ ਤੇ ਬਾਗ਼ਾਂ ਵਿੱਚ ਉੱਡਦੇ ਫਿਰਦੇ ਹੋ, ਮੈਂ ਪਿੰਜਰੇ ਵਿੱਚ ਕੈਦ ਹਾਂ।"

ਇਹ ਸੁਣਦਿਆਂ ਹੀ ਸਾਰੇ ਤੋਤੇ ਫਿਰ ਚੁੱਪ ਹੋ ਗਏ ਪਰ ਇੱਕ ਬੁੱਢਾ ਤੋਤਾ ਤੜਫ ਕੇ ਥੱਲੇ ਡਿਗਿਆ ਤੇ ਮਰ ਗਿਆ। ਵਪਾਰੀ ਨੂੰ ਇਹ ਦੇਖ ਕੇ ਬਹੁਤ ਦੁੱਖ ਹੋਇਆ ਪਰ ਹੁਣ ਉਹ ਕੀ ਕਰ ਸਕਦਾ ਸੀ? ਜੋ ਹੋਣਾ ਸੀ, ਹੋ ਗਿਆ। ਵਪਾਰੀ ਅੱਗੇ ਤੁਰ ਪਿਆ।

ਵਪਾਰੀ ਆਪਣਾ ਕੰਮ ਖ਼ਤਮ ਹੋਣ ਪਿੱਛੋਂ ਘਰ ਮੁੜ ਗਿਆ। ਉਸ ਨੇ ਆਪਣੇ ਪਰਿਵਾਰ ਦੇ ਸਾਰੇ ਜੀਆਂ ਨੂੰ ਉਹਨਾਂ ਦੇ ਮੰਗਵਾਏ ਤੋਹਫ਼ੇ ਦਿੱਤੇ। ਤੋਤੇ ਨੇ ਪੁੱਛਿਆ, "ਮੇਰੇ ਤੋਤੇ ਭਰਾਵਾਂ ਨੇ ਮੇਰੇ ਲਈ ਕੀ ਤੋਹਫ਼ਾ ਭੇਜਿਆ ਹੈ?"

ਵਪਾਰੀ ਨੇ ਕਿਹਾ, "ਤੇਰੀ ਗੱਲ ਤੇਰੇ ਤੋਤੇ ਭਰਾਵਾਂ ਨੂੰ ਆਖ ਕੇ ਮੈਂ ਪਛਤਾ ਰਿਹਾ ਹਾਂ। ਇੱਕ ਦਰਖ਼ਤ ਉੱਤੇ ਬਹੁਤ ਸਾਰੇ ਤੋਤੇ ਬੈਠੇ ਸਨ। ਮੈਂ ਉਹਨਾਂ ਨੂੰ ਤੇਰਾ ਸਲਾਮ ਤੇ ਸੁਨੇਹਾ ਦਿੱਤਾ ਪਰ ਉਹਨਾਂ ਵਿੱਚੋਂ ਇੱਕ ਬੁੱਢਾ ਤੋਤਾ ਤੜਫ ਕੇ ਜ਼ਮੀਨ 'ਤੇ ਡਿੱਗਿਆ ਤੇ ਮਰ ਗਿਆ।"

ਵਪਾਰੀ ਨੇ ਹਾਲੇ ਗੱਲ ਪੂਰੀ ਹੀ ਕੀਤੀ ਸੀ ਕਿ ਮਿੱਠੂ ਤੋਤਾ ਤੜਫ ਕੇ ਹੇਠਾਂ ਡਿਗਿਆ ਤੇ ਜਾਪਿਆ ਜਿਵੇਂ ਮਰ ਗਿਆ ਹੋਵੇ।

ਵਪਾਰੀ ਨੂੰ ਬਹੁਤ ਅਫ਼ਸੋਸ ਹੋਇਆ। ਉਹ ਆਪਣੇ-ਆਪ ਨੂੰ ਬੁਰਾ-ਭਲਾ ਕਹਿਣ ਲੱਗਾ, "ਜੇ ਮੈਂ ਇਹ ਗੱਲ ਇਸ ਨੂੰ ਨਾ ਦੱਸਦਾ ਤਾਂ ਕੀ ਵਿਗੜ ਜਾਂਦਾ?"



ਉਦਾਸ ਮਨ ਨਾਲ਼ ਵਪਾਰੀ ਨੇ ਪਿੰਜਰਾ ਖੋਲ੍ਹਿਆ ਤੇ ਤੋਤੇ ਨੂੰ ਬਾਹਰ ਕੱਢ ਦਿੱਤਾ। ਤੋਤਾ ਫੁਰਰ ਕਰਕੇ ਉੱਡਿਆ ਤੇ ਦਰਖ਼ਤ 'ਤੇ ਜਾ ਬੈਠਾ। ਵਪਾਰੀ ਨੇ ਹੈਰਾਨ ਹੋ ਕੇ ਪੁੱਛਿਆ, "ਆਹ ਕੀ ਗੱਲ ਹੋਈ ? ਇਹਦੇ ਵਿੱਚ ਕੀ ਭੇਤ ਹੈ ?" ਤੋਤੇ ਨੇ ਕਿਹਾ, "ਇਹ ਤੋਹਫ਼ਾ (ਭੇਤ ਦੀ ਗੱਲ) ਉਸ ਬੁੱਢੇ ਤੋਤੇ ਨੇ ਮੈਨੂੰ ਕੈਦ ਵਿੱਚੋਂ ਅਜ਼ਾਦ ਹੋਣ ਲਈ ਭੇਜਿਆ ਸੀ। ਪਿੰਜਰੇ ਦੀ ਗ਼ੁਲਾਮੀ ਨਾਲ਼ੋਂ ਅਜ਼ਾਦ ਹਵਾ ਚੰਗੀ ਹੁੰਦੀ ਹੈ।"

## ਪਾਠ-ਅਭਿਆਸ

**1. ਸ਼ਬਦ-ਅਰਥ :**

| | | | |
|---|---|---|---|
| ਕਾਰੋਬਾਰ | : ਵਪਾਰ/ਕੰਮ-ਕਾਰ | ਮਨਮੋਹਣੀ | : ਮਨ ਨੂੰ ਚੰਗੀ ਲੱਗਣ ਵਾਲ਼ੀ |
| ਅਜ਼ਾਦ | : ਖੁੱਲ੍ਹ | ਸਫ਼ਰ | : ਯਾਤਰਾ |
| ਅਫ਼ਸੋਸ | : ਦੁੱਖ | ਵਿਗੜ | : ਖ਼ਰਾਬ |
| ਤੜਫ ਕੇ | : ਦੁਖੀ ਹੋ ਕੇ | ਗ਼ੁਲਾਮੀ | : ਕਿਸੇ ਦੇ ਅਧੀਨ ਹੋਣਾ |
| ਭੇਤ ਦੀ ਗੱਲ | : ਗੁੱਝੀ ਗੱਲ | | |

## 2. ਮੌਖਿਕ ਪ੍ਰਸ਼ਨ :

- ਵਪਾਰੀ ਨੇ ਤੋਤੇ ਦਾ ਕੀ ਨਾਂ ਰੱਖਿਆ ਹੋਇਆ ਸੀ ?
- ਤੋਤੇ ਦੀ ਅਵਾਜ਼ ਕਿਹੋ-ਜਿਹੀ ਸੀ ?
- ਤੋਤੇ ਨੇ ਆਪਣੇ ਸਾਥੀ ਨੂੰ ਕੀ ਕਹਿਣ ਲਈ ਕਿਹਾ ?

## 3. ਠੀਕ ਉੱਤਰ ਅੱਗੇ ਸਹੀ (√) ਦਾ ਨਿਸ਼ਾਨ ਲਾਓ :

1. ਵਪਾਰੀ ਦਾ ਦੂਰ-ਦੂਰ ਤੱਕ ਕੀ ਫੈਲਿਆ ਹੋਇਆ ਸੀ ?

   ਘਰ ☐ ਖੇਤ ☐ ਕਾਰੋਬਾਰ ☐

2. ਤੋਤਾ ਕਿੱਥੇ ਕੈਦ ਸੀ ?

   ਕੋਠੀ ਵਿੱਚ ☐ ਪਿੰਜਰੇ ਵਿੱਚ ☐ ਜੰਗਲ਼ ਵਿੱਚ ☐

3. ਬੁੱਢੇ ਤੋਤੇ ਨੇ ਤੋਹਫ਼ਾ ਕਿਸ ਨੂੰ ਭੇਜਿਆ ਸੀ ?

   ਵਪਾਰੀ ਨੂੰ ☐ ਬੱਚਿਆਂ ਨੂੰ ☐ ਮੀਆਂ-ਮਿੱਠੂ ਨੂੰ ☐

## 4. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਵਪਾਰੀ ਨੇ ਕੀ ਪਾਲ਼ਿਆ ਹੋਇਆ ਸੀ ?

(ਅ) ਮੀਆਂ-ਮਿੱਠੂ ਨੇ ਵਪਾਰੀ ਨੂੰ ਕੀ ਕੰਮ ਦੱਸਿਆ ?

(ੲ) ਬੁੱਢਾ ਤੋਤਾ ਤੜਫ ਕੇ ਕਿੱਥੇ ਡਿਗਿਆ ?

(ਸ) ਪਿੰਜਰੇ ਵਿੱਚ ਬੈਠਾ ਤੋਤਾ ਉੱਡ ਕੇ ਕਿੱਥੇ ਬੈਠ ਗਿਆ ?

(ਹ) ਪਿੰਜਰੇ ਦੀ ਗ਼ੁਲਾਮੀ ਨਾਲ਼ੋਂ ਕਿਹੜੀ ਹਵਾ ਚੰਗੀ ਹੁੰਦੀ ਹੈ ?

## 5. ਸਮਝੋ ਤੇ ਲਿਖੋ :

ਖ਼ਰੀਦਣਾ : ਵੇਚਣਾ

ਆਉਣਾ :

ਪੁੱਛਣਾ :

ਉੱਠਣਾ :

6. ਦੱਸੇ ਅਨੁਸਾਰ ਸ਼ਬਦਾਂ ਨੂੰ ਮਿਲ਼ਾਓ :

| | |
|---|---|
| ਅਫ਼ਸੋਸ | ਯਾਤਰਾ |
| ਸਫ਼ਰ | ਸੁਤੰਤਰ |
| ਪੈਸਾ | ਦੁੱਖ |
| ਅਜ਼ਾਦ | ਧਨ |

7. ਜਦੋਂ ਲੋਕੀਂ ਇੱਕ-ਦੂਜੇ ਨੂੰ ਮਿਲ਼ਦੇ ਹਨ ਤਾਂ ਕਿਹੜੇ ਸ਼ਬਦ ਬੋਲਦੇ ਹਨ ?

ਜਿਵੇਂ : ਨਮਸਤੇ

8. ਬੋਲ-ਲਿਖਤ (ਅਧਿਆਪਕ ਪਾਠ ਵਿੱਚੋਂ ਸ਼ਬਦ ਚੁਣ ਕੇ ਬੋਲੇ ਅਤੇ ਬੱਚਿਆਂ ਨੂੰ ਲਿਖਣ ਲਈ ਕਹੇ)

ਪਾਠ 18

# ਬਸੰਤ



ਝੂਮ ਰਹੀ ਏ
ਟਾਹਣੀ-ਟਾਹਣੀ
ਚਹਿਕ ਰਹੀ ਏ
ਚਿੜੀ-ਚਿੜੀ,

ਆਈ ਰੁੱਤ
ਬਸੰਤ ਦੀ
ਪੀਲ਼ੀ-ਪੀਲ਼ੀ
ਸਰ੍ਹੋਂ ਖਿੜੀ।



ਰੁੱਖਾਂ ਹੇਠਾਂ
ਧੁੱਪ ਕਿਵੇਂ
ਛਾਂਵਾਂ ਦੇ ਨਾਲ਼
ਖੇਡ ਰਹੀ,

ਨੀਲੇ-ਨੀਲੇ
ਅੰਬਰ 'ਤੇ
ਪੀਲ਼ੀ ਕੋਈ
ਪਤੰਗ ਚੜ੍ਹੀ।

ਵੰਨ-ਸੁਵੰਨੇ
ਫੁੱਲ ਖਿੜੇ
ਬਾਗ਼-ਬਗ਼ੀਚੀ
ਹਰੀ-ਭਰੀ।

ਆਈ ਰੁੱਤ
ਬਸੰਤ ਦੀ
ਨਿੱਘੀ-ਨਿੱਘੀ
ਧੁੱਪ ਖਿੜੀ।

## ਪਾਠ-ਅਭਿਆਸ



1. **ਸ਼ਬਦ-ਅਰਥ :**

| | | | |
|---|---|---|---|
| ਚਹਿਕ | : ਖ਼ੁਸ਼ੀ ਵਿੱਚ ਬੋਲਣਾ | ਅੰਬਰ | : ਅਕਾਸ਼ |
| ਵੰਨ-ਸੁਵੰਨੇ | : ਵੱਖ-ਵੱਖ ਤਰ੍ਹਾਂ ਦੇ | | |

2. **ਠੀਕ ਉੱਤਰ ਅੱਗੇ ਸਹੀ (√) ਦਾ ਨਿਸ਼ਾਨ ਲਾਓ :**

1. ਬਸੰਤ ਵਿੱਚ ਖਿੜੀ ਸਰ੍ਹੋਂ ਦੇ ਫੁੱਲਾਂ ਦਾ ਰੰਗ ਕਿਹੋ-ਜਿਹਾ ਹੁੰਦਾ ਹੈ ?

ਲਾਲ ☐ ਪੀਲ਼ਾ ☐ ਹਰਾ ☐

2. ਬਸੰਤ ਰੁੱਤ ਵਿੱਚ ਧੁੱਪ ਕਿਹੋ-ਜਿਹੀ ਹੁੰਦੀ ਹੈ ?

ਨਿੱਘੀ-ਨਿੱਘੀ ☐ ਸਿੱਲ੍ਹੀ-ਸਿੱਲ੍ਹੀ ☐ ਚਮਕੀਲੀ ☐

3. ਪਤੰਗ ਕਿਸ ਰੁੱਤ ਵਿੱਚ ਚੜ੍ਹਾਈ ਜਾਂਦੀ ਹੈ ?

ਸਰਦ ਰੁੱਤ ☐ ਬਸੰਤ ਰੁੱਤ ☐ ਗਰਮੀ ਦੀ ਰੁੱਤ ☐

## 3. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

(ੳ) ਖਿੜੀ ਹੋਈ ਸਰ੍ਹੋਂ ਦਾ ਰੰਗ ਕਿਹੋ-ਜਿਹਾ ਹੈ ?

(ਅ) ਰੁੱਖਾਂ ਹੇਠ ਧੁੱਪ ਕਿਸ ਨਾਲ਼ ਖੇਡਦੀ ਹੈ ?

(ੲ) ਪੀਲ਼ੀ ਪਤੰਗ ਕਿੱਥੇ ਚੜ੍ਹੀ ਹੋਈ ਹੈ ?

## 4. ਕਵਿਤਾ ਦੀਆਂ ਸਤਰਾਂ ਅਨੁਸਾਰ ਲਿਖੋ :

ਝੂਮ ਰਹੀ — ਟਾਹਣੀ-ਟਾਹਣੀ

ਚਹਿਕ ਰਹੀ — ........................................

ਬਾਗ਼-ਬਗ਼ੀਚੀ — ........................................

ਨਿੱਘੀ-ਨਿੱਘੀ — ........................................

5. 'ਬਸੰਤ' ਕਵਿਤਾ ਵਿੱਚ ਕਿਹੜੇ ਰੰਗ ਦਾ ਜ਼ਿਕਰ ਨਹੀਂ ਹੋਇਆ ?

(ੳ) ਪੀਲ਼ਾ (ਅ) ਨੀਲਾ

(ੲ) ਹਰਾ (ਸ) ਕਾਲ਼ਾ


6. ਰੁੱਤਾਂ ਦੇ ਨਾਂ ਲਿਖੋ :

7. ਸੋਹਣਾ ਕਰਕੇ ਲਿਖੋ :-

ਟਾਹਣੀ ਚਿੜੀ ਸਰ੍ਹੋਂ ਰੁੱਖ


ਧੁੱਪ ਛਾਂ ਅੰਬਰ ਫੁੱਲ

8. ਬਸੰਤ ਰੁੱਤ ਚੁਣੋ:









ਕਵਿਤਾ ਨੂੰ ਜ਼ਬਾਨੀ ਗਾ ਕੇ ਜਮਾਤ ਵਿੱਚ ਸੁਣਾਓ।

ਪਾਠ 19

# ਆਓ ਗੀਟੇ ਖੇਡੀਏ

ਸ਼ਾਮ ਦਾ ਵੇਲ਼ਾ ਹੈ। ਪਿੰਡ ਦੀ ਗਲ਼ੀ ਦੇ ਇੱਕ ਘਰ ਵਿੱਚ ਛੋਟੀਆਂ-ਛੋਟੀਆਂ ਕੁੜੀਆਂ (ਸਿਮਰਨ, ਚਰਨੋ, ਮਮਤਾ ਅਤੇ ਛਿੰਦੀ) ਗੀਟੇ ਖੇਡਣ ਲਈ ਇੱਕ-ਦੂਜੀ ਸਹੇਲੀ ਨੂੰ ਬੁਲਾ ਰਹੀਆਂ ਹਨ। ਕੋਲ਼ ਹੀ ਚਰਨੋ ਦੀ ਮਾਂ ਅਤੇ ਦਾਦੀ-ਮਾਂ ਬੈਠੀਆਂ ਗੱਲਾਂ ਕਰ ਰਹੀਆਂ ਹਨ।

ਸਿਮਰਨ : ਚਰਨੋ......... ਛਿੰਦੀ ............ ਆਓ, ਅੱਜ ਗੀਟੇ ਖੇਡੀਏ।

ਚਰਨੋ : ਅੱਜ ਮੇਰੇ ਘਰ ਖੇਡੋ, ਕੱਲ੍ਹ ਅੱਡੀ-ਛੜੱਪਾ ਮਮਤਾ ਦੇ ਘਰ ਖੇਡੀਆਂ ਸੀ।

ਛਿੰਦੀ : ਆਹ ਲਓ, ਅੱਜ ਮੈਂ ਸੰਗਮਰਮਰ ਦੇ ਪੰਜ ਗੀਟੇ ਘੜ ਕੇ ਲਿਆਈ ਹਾਂ ........ ਚਿੱਟੇ ਦੁੱਧ।

ਸਿਮਰਨ : ਮੈਂ ਵੀ ਇੱਟ ਦੇ ਰੋੜੇ ਘਸਾ ਕੇ ਲਾਲ-ਸੂਹੇ ਗੀਟੇ ਬਣਾਏ ਨੇ।

ਮਮਤਾ : ਲਓ ਜੀ, ਮੈਂ ਕੱਲ੍ਹ ਆਪਣੇ ਮਾਸੀ ਜੀ ਕੋਲ਼ ਸ਼ਹਿਰ ਗਈ ਸੀ। ਉੱਥੋਂ ਲਾਖ ਦੇ ਰੰਗ-ਬਰੰਗੇ ਗੀਟੇ ਲੈ ਕੇ ਆਈ ਹਾਂ। ਦੇਖੋ, ਕਿੰਨੇ ਸੋਹਣੇ ਲੱਗਦੇ ਨੇ!

ਸਿਮਰਨ : ਚੱਲੋ, ਅੱਜ ਛਿੰਦੀ ਦੇ ਸੰਗਮਰਮਰ ਵਾਲ਼ੇ ਗੀਟਿਆਂ ਨਾਲ਼ ਹੀ ਖੇਡ ਲੈਂਦੇ ਹਾਂ।

ਛਿੰਦੀ : ਬਈ, ਪਹਿਲਾਂ ਪੁੱਗ ਤਾਂ ਲਵੋ, ਜੋਟੀ-ਜੋਟੀ ਖੇਡਾਂਗੀਆਂ।

(ਚਾਰੇ ਸਹੇਲੀਆਂ ਪੁੱਗਦੀਆਂ ਹਨ)

ਸਿਮਰਨ : ਲਓ ਜੀ, ਮੇਰੀ ਤੇ ਚਰਨੋ ਦੀ ਜੋਟੀ ਅਤੇ ਮਮਤਾ ਤੇ ਛਿੰਦੀ ਦੀ ਜੋਟੀ ਬਣ ਗਈ।

ਪਹਿਲਾਂ ਕਿਸ ਦੀ ਵਾਰੀ ਹੈ ?

ਮਮਤਾ : ਚੱਲੋ, ਪਹਿਲਾਂ ਤੁਸੀਂ ਹੀ ਸ਼ੁਰੂ ਕਰ ਲਓ।

ਛਿੰਦੀ : ਬਈ, ਰੌਂਦ ਨਹੀਂ ਪਿੱਟਣੀ .........। ਜੇ ਗੀਟਾ ਚੁੱਕਣ ਲੱਗੇ ਨਾਲ਼ ਦਾ ਗੀਟਾ ਹਿੱਲ ਗਿਆ ਤਾਂ — ਆਊਟ। ਜੇ ਗੀਟਾ ਬੋਚਿਆ ਨਾ ਗਿਆ ਤਾਂ ਵੀ — ਆਊਟ।

ਸਿਮਰਨ : ਦੇਖ ਬਈ, ਜੇ ਗੀਟਾ ਗੋਲ਼ ਚੱਕਰ ਤੋਂ ਬਾਹਰ ਚਲਾ ਗਿਆ ਤਾਂ ਵੀ ਵਾਰੀ ਖ਼ਤਮ ਸਮਝੋ .........।

(ਚਾਰੇ ਸਹੇਲੀਆਂ ਭੁੰਜੇ ਹੀ ਗੀਟੇ ਖੇਡਣ ਬੈਠ ਜਾਂਦੀਆਂ ਹਨ। ਫਿਰ ਉਹ ਗੀਟੇ ਖੇਡਣ ਲਈ ਇੱਕ ਗੋਲ਼ ਚੱਕਰ ਵਾਹੁੰਦੀਆਂ ਹਨ।)

ਸਿਮਰਨ ਖੇਡਣਾ ਸ਼ੁਰੂ ਕਰ ਦਿੰਦੀ ਹੈ।

ਚਰਨੋ : ਸਿਮਰਨ! ਧਿਆਨ ਨਾਲ਼ ......... ਲੈ, ਪਹਿਲਾਂ ਇੱਕ-ਇੱਕ ਗੀਟਾ ਚੁੱਕ ........। ਲੈ, ਹੁਣ ਦੂਜ ਕਰ ......... ਤੀਜ ........... ਸਾਬਾਸ਼! ਤੂੰ ਤਾਂ ਚੌਥ 'ਤੇ ਪਹੁੰਚ ਗਈ।



ਮਮਤਾ : ਅੜੀਏ! ਤੁਸੀਂ ਤਾਂ ਬੜੀਆਂ ਹੁਸ਼ਿਆਰ ਹੋ ........ ਆਊਟ ਹੀ ਨਹੀਂ ਹੁੰਦੀਆਂ।

ਸਿਮਰਨ : ਲੈ, ਤੂੰ ਕਿਹੜੀ ਕਿਸੇ ਤੋਂ ਘੱਟ ਹੈਂ ?

(ਸਿਮਰਨ ਜਦੋਂ ਚਾਰੇ ਗੀਟੇ ਚੁੱਕਣ ਲੱਗਦੀ ਹੈ ਤਾਂ ਉੱਪਰਲਾ ਗੀਟਾ ਬੋਚ ਨਹੀਂ ਸਕਦੀ) ਲੈ, ਆਹ ਹੋਗੀ ਆਊਟ ...........।

ਛਿੰਦੀ : ਲਓ ਜੀ, ਹੁਣ ਸਾਡੀ ਵਾਰੀ ..........। ਛਿੰਦੀ ਪਹਿਲਾਂ ਇੱਕ-ਇੱਕ, ਫਿਰ ਜੋੜਾ-ਜੋੜਾ ਗੀਟੇ ਚੁੱਕ ਕੇ ਖੇਡਦੀ ਹੈ।

ਮਮਤਾ : ਬੱਸ ਕੜੈਂਚ ਤੱਕ ਖੇਡ ........... ਫਿਰ ਕੁੱਤਾ-ਕੋਠੀ ਮੈਂ ਕਰਾਂਗੀ। ਇੱਕ ਦੂਜੀ ਦੀ ਵਾਰੀ ਲੈ ਸਕਦੇ ਹਾਂ, ਬਈ ..........!

ਸਿਮਰਨ : ਕੁੱਤਾ ਤੇ ਕੋਠੀ ਜ਼ਰੂਰ ਕਰਨੇ ਹਨ। ਬਾਕੀ, ਵੜੀਆਂ ਟੁੱਕਣਾ ਤੇ ਪਾਣੀ ਭਰਨਾ .......... ਕੋਈ ਦੋ ਕਰ ਸਕਦੇ ਹਾਂ।

ਛਿੰਦੀ : ਲੈ ਚਰਨੋ, ਹੁਣ ਤੇਰੀ ਵਾਰੀ ......... ਸਿਮਰਨ ਚੌਥ ਕਰ ਰਹੀ ਸੀ।

(ਚਰਨੋ ਖੇਡਣਾ ਸ਼ੁਰੂ ਕਰਦੀ ਹੈ। ਉਹ ਚਾਰੇ ਗੀਟੇ ਬੜੀ ਅਸਾਨੀ ਨਾਲ਼ ਚੁੱਕ ਲੈਂਦੀ ਹੈ। ਫਿਰ ਉਹ ਕੜੈਂਚ ਕਰਦੀ ਹੈ। ਹੁਣ ਉਹ ਖੱਬੇ ਹੱਥ ਦੀਆਂ ਉਂਗਲ਼ਾਂ ਨਾਲ਼ ਕੁੱਤਾ ਬਣਾਉਂਦੀ ਹੈ।)

ਚਰਨੋ : ਲਓ ਬਈ, ਦੱਸੋ, ਕੁੱਤਾ ਕਿਹੜਾ ? ਨੀ ਸੌਖਾ ਦੱਸਿਓ .......... ਲਓ ਹੁਣ ਕੋਠੀ ਵੀ ਦੱਸ ਦਿਓ .......... ਆਹ ਹਿੱਲ ਨਾ ਜਾਏ। ਚੱਲੋ ਕੁੱਤਾ-ਕੋਠੀ ਹੋ ਗਿਆ। ਹੁਣ ਮੈਂ ਵੜੀਆਂ ਟੁੱਕਦੀ ਹਾਂ, ਫਿਰ ਪਾਣੀ ਭਰਾਂਗੀ।

ਛਿੰਦੀ : ਆਹ ਲੈ, ਗੀਟਾ ਹਿੱਲ ਗਿਆ ........ ਆਊਟ।

ਸਿਮਰਨ : ਲਓ, ਹੁਣ ਮੇਰੀ ਵਾਰੀ ......... ਲਓ ਜੀ, ਹੁਣ ਬਾਜ਼ਿਆਂ 'ਤੇ ਪਹੁੰਚ ਗਈ। ਲਓ ਜੀ, ਥੋਡੇ ਸਿਰ ਚੜ੍ਹਗੇ ਬਾਜ਼ੇ ਪੂਰੇ ਵੀਹ ........।

ਚਰਨੋ ਦੀ ਮਾਂ : ਚੱਲੋ ਕੁੜੀਓ! ਆਪਣੇ-ਆਪਣੇ ਘਰ ........ ਹੁਣ ਕਵੇਲ਼ਾ ਹੋ ਗਿਆ।

ਚਰਨੋ ਦੀ ਦਾਦੀ: ਨੀ! ਪੜ੍ਹ ਵੀ ਲਿਆ ਕਰੋ ........ ਆਹ ਗੀਟੇ ਖੇਡਦੀਆਂ ਥੱਕਦੀਆਂ ਨਹੀਂ ?

ਕੁੜੀਆਂ : ਦਾਦੀ-ਮਾਂ! ਅਸੀਂ ਸਕੂਲ ਦਾ ਕੰਮ ਮੁਕਾ ਕੇ ਆਈਆਂ ਸਾਂ।

ਚੱਲੋ, ਬਈ ਚੱਲੋ .......... ਹੁਣ ਕੱਲ੍ਹ ਗੇਂਦ-ਗੀਟੇ ਖੇਡਾਂਗੀਆਂ ..........।

(ਸਾਰੀਆਂ ਕੁੜੀਆਂ ਹੱਸਦੀਆਂ-ਖੇਡਦੀਆਂ ਆਪਣੇ-ਆਪਣੇ ਘਰਾਂ ਨੂੰ ਚਲੀਆਂ ਜਾਂਦੀਆਂ ਹਨ।)

## ਪਾਠ-ਅਭਿਆਸ



**1. ਸ਼ਬਦ-ਅਰਥ :**

| | | | |
|---|---|---|---|
| ਸੰਗਮਰਮਰ | ਪੱਥਰ ਦੀ ਇੱਕ ਕਿਸਮ | ਸੂਹੇ | ਗੂੜ੍ਹੇ ਲਾਲ |
| ਆਊਟ | ਖੇਡ ਤੋਂ ਬਾਹਰ ਹੋਣਾ | ਵੇਲ਼ਾ | ਸਮਾਂ |
| ਚੇਤੇ ਕਰਵਾਉਣਾ | ਯਾਦ ਕਰਵਾਉਣਾ | ਜੋਟੀ | ਜੋੜੀ |
| ਪੁੱਗਣਾ | ਖੇਡਣ ਲਈ ਜੋੜੀ ਬਣਾਉਣ ਦਾ ਢੰਗ | | |

## 2. ਮੌਖਿਕ ਪ੍ਰਸ਼ਨ :

- ਕੁੜੀਆਂ ਕਿਸ ਵੇਲ਼ੇ ਗੀਟੇ ਖੇਡਣ ਲੱਗੀਆਂ ?
- ਚਾਰੇ ਸਹੇਲੀਆਂ ਕਿੱਥੇ ਬੈਠ ਕੇ ਗੀਟੇ ਖੇਡਣ ਲੱਗੀਆਂ ?
- ਕੁੜੀਆਂ ਨੂੰ ਆਪਣੇ-ਆਪਣੇ ਘਰ ਜਾਣ ਲਈ ਕਿਸ ਨੇ ਕਿਹਾ ?

## 3. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਗੀਟੇ ਕੌਣ-ਕੌਣ ਖੇਡ ਰਹੀਆਂ ਸਨ ?

(ਅ) ਖੇਡਣ ਲਈ ਕਿਹੜੇ-ਕਿਹੜੇ ਗੀਟੇ ਸਨ ?

(ੲ) 'ਨੀ ! ਪੜ੍ਹ ਵੀ ਲਿਆ ਕਰੋ....... ਆਹ ਗੀਟੇ ਖੇਡਦੀਆਂ ਥੱਕਦੀਆਂ ਨਹੀਂ ?'
ਇਹ ਗੱਲ ਕਿਸ ਨੇ ਆਖੀ ?

## 4. ਸਮਝੋ ਤੇ ਲਿਖੋ :

ਸਹੇਲੀ : ਸਹੇਲੀਆਂ

ਕੁੜੀ : ....................................

ਵੱਡੀ : ....................................

ਕੋਠੀ : ....................................

5. **ਇਸ ਪਾਠ ਵਿੱਚੋਂ ਦੁਹਰਾਅ ਵਾਲ਼ੇ ਹੋਰ ਸ਼ਬਦ ਲਿਖੋ, ਜਿਵੇਂਕਿ ਉਦਾਹਰਨ ਵਿੱਚ ਦੱਸਿਆ ਗਿਆ ਹੈ :**

ਉਦਾਹਰਨ : ਜੋਟੀ-ਜੋਟੀ

6. **ਦੱਸੇ ਅਨੁਸਾਰ ਸ਼ਬਦਾਂ ਨੂੰ ਮਿਲ਼ਾਓ :**

| | |
|---|---|
| ਪਿੰਡ | ਸਵੇਰ |
| ਸ਼ਾਮ | ਕਵੇਲ਼ਾ |
| ਵੇਲ਼ਾ | ਪਿੱਛੋਂ |
| ਪਹਿਲਾਂ | ਹੇਠਲਾ |
| ਉੱਪਰਲਾ | ਸ਼ਹਿਰ |

7. **ਸੋਹਣਾ ਕਰਕੇ ਲਿਖੋ :**

ਗੇਂਦ-ਗੀਟੇ ਕੜੈਂਚ ਵੜੀਆਂ ਟੁੱਕਣਾ ਕੁੱਤਾ-ਕੋਠੀ

ਪਾਣੀ ਭਰਨਾ ਚਿੱਟੇ-ਦੁੱਧ ਲਾਲ-ਸੂਹੇ ਰੰਗ-ਬਰੰਗੇ



## ਰਚਨਾਤਮਿਕ ਕਾਰਜ

ਕਿਸੇ ਪੰਜ ਬਾਲ-ਖੇਡਾਂ ਦੇ ਨਾਂ ਲਿਖੋ।

ਪਾਠ 20

# ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ



ਮਾਤਾ ਜੀ ਟੈਲੀਵੀਜ਼ਨ ਦੇਖ ਰਹੇ ਸਨ। ਉਸ ਉੱਤੇ ਸ੍ਰੀ ਹਰਿਮੰਦਰ ਸਾਹਿਬ,ਅੰਮ੍ਰਿਤਸਰ ਤੋਂ ਕੀਰਤਨ ਆ ਰਿਹਾ ਸੀ। ਹਰਮਨ ਨੇ ਕੋਲ਼ ਬੈਠਦਿਆਂ ਪੁੱਛਿਆ, "ਮਾਤਾ ਜੀ, ਅਸੀਂ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਕਦੋਂ ਜਾਣਾ ਹੈ ?"

ਮਾਤਾ ਜੀ ਨੇ ਪਿਆਰ ਨਾਲ਼ ਕਿਹਾ, "ਹਾਂ, ਪੁੱਤਰ! ਆਪਾਂ ਵੀ ਛੇਤੀ ਹੀ ਦਰਸ਼ਨ ਕਰਨ ਜਾਵਾਂਗੇ। ਉੱਥੇ ਯਾਤਰੀਆਂ ਦੇ ਠਹਿਰਨ ਲਈ ਸਰਾਂਵਾਂ ਬਣੀਆਂ ਹੋਈਆਂ ਹਨ। ਸ਼ਾਮ ਨੂੰ ਜਦੋਂ ਤੇਰੇ ਪਿਤਾ ਜੀ ਆਉਣਗੇ ਤਾਂ ਆਪਾਂ ਉਹਨਾਂ ਨਾਲ਼ ਸਲਾਹ ਕਰ ਲਵਾਂਗੇ।"

ਪਿਤਾ ਜੀ ਨੇ ਮਾਤਾ ਜੀ ਦੀ ਹਾਂ ਵਿੱਚ ਹਾਂ ਮਿਲ਼ਾਈ। ਅਸੀਂ ਸ੍ਰੀ ਅੰਮ੍ਰਿਤਸਰ ਜਾਣ ਦੀ ਤਿਆਰੀ ਕਰ ਲਈ। ਅਗਲੇ ਦਿਨ ਅਸੀਂ ਬੱਸ ਰਾਹੀਂ ਸ੍ਰੀ ਅੰਮ੍ਰਿਤਸਰ ਪਹੁੰਚ ਗਏ।

ਬੱਸ–ਅੱਡੇ ਤੋਂ ਰਿਕਸ਼ਾ ਲੈ ਕੇ ਅਸੀਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਗਏ। ਅਸੀਂ ਉੱਥੇ ਰਾਮਦਾਸ ਸਰਾਂਅ ਵਿੱਚ ਕਮਰਾ ਲੈ ਲਿਆ। ਸਮਾਨ ਕਮਰੇ ਵਿੱਚ ਰੱਖ ਕੇ ਅਸੀਂ ਪਰਿਕਰਮਾ ਵਿੱਚ ਪਹੁੰਚ ਗਏ। ਸ੍ਰੀ ਹਰਿਮੰਦਰ ਸਾਹਿਬ ਨੂੰ 'ਸ੍ਰੀ ਦਰਬਾਰ ਸਾਹਿਬ' ਵੀ ਕਹਿੰਦੇ ਹਨ। ਸ੍ਰੀ ਹਰਿਮੰਦਰ ਸਾਹਿਬ ਦੀ ਸੁਨਹਿਰੀ ਇਮਾਰਤ ਸਰੋਵਰ ਦੇ ਵਿਚਕਾਰ ਬਣੀ ਹੋਈ ਹੈ। ਸਰੋਵਰ ਦੇ ਪਾਣੀ ਵਿੱਚ ਸ੍ਰੀ ਹਰਿਮੰਦਰ ਸਾਹਿਬ ਦਾ ਪਰਛਾਂਵਾਂ ਝਿਲਮਿਲ–ਝਿਲਮਿਲ ਕਰ ਰਿਹਾ ਸੀ। ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰ ਕੇ ਮੇਰੇ ਮਾਤਾ ਜੀ ਦੇ ਮੂੰਹੋਂ ਇਹ ਸ਼ਬਦ ਨਿਕਲ਼ੇ, "ਧੰਨ! ਗੁਰੂ ਰਾਮਦਾਜ ਜੀ!"

"ਮਾਤਾ ਜੀ, ਇਹ ਤੁਸੀਂ ਕੀ ਕਿਹਾ ?" ਮਾਤਾ ਜੀ ਦੱਸਣ ਲੱਗੇ, "ਪੁੱਤਰ! ਇਹ ਨਗਰ ਚੌਥੇ ਗੁਰੂ, ਗੁਰੂ ਰਾਮਦਾਸ ਜੀ ਨੇ ਵਸਾਇਆ ਸੀ। ਇਸ ਨੂੰ ਚੱਕ ਗੁਰੂ ਰਾਮਦਾਸ ਵੀ ਕਹਿੰਦੇ ਸਨ।" ਫਿਰ ਪਿਤਾ ਜੀ ਦੱਸਣ ਲੱਗੇ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਸਿੱਖਾਂ ਦੇ ਪੰਜਵੇਂ ਗੁਰੂ, ਗੁਰੂ ਅਰਜਨ ਦੇਵ ਜੀ ਨੇ ਸਾਂਈਂ ਮੀਆਂ ਮੀਰ ਜੀ ਤੋਂ ਰਖਵਾਈ ਸੀ। ਇਸ ਉੱਤੇ ਸੁਨਹਿਰੀ ਪੱਤਰੇ ਚੜ੍ਹੇ ਹੋਏ ਹਨ। ਇਸ ਕਰਕੇ ਇਸ ਨੂੰ 'ਗੋਲਡਨ ਟੈਂਪਲ' ਵੀ ਕਹਿੰਦੇ ਹਨ। ਇਸ ਉੱਤੇ ਸੋਨਾ ਚੜ੍ਹਾਉਣ ਦਾ ਕੰਮ ਮਹਾਰਾਜਾ ਰਣਜੀਤ ਸਿੰਘ ਨੇ ਕਰਵਾਇਆ ਸੀ। ਇੱਥੇ 1604 ਈਸਵੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ। ਇਸ ਦੇ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਸਨ। ਸ੍ਰੀ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ, ਚਾਰੇ ਦਿਸ਼ਾਵਾਂ ਵੱਲ ਖੁੱਲ੍ਹਦੇ ਹਨ। ਇਸ ਦਾ ਅਰਥ ਹੈ ਕਿ ਇਹ ਸਥਾਨ ਸਾਰਿਆਂ ਲਈ ਹੈ।

ਅਸੀਂ ਦੁੱਖ–ਭੰਜਨੀ ਬੇਰੀ ਵੀ ਵੇਖੀ। ਫਿਰ ਅਸੀਂ ਸਰੋਵਰ ਵਿੱਚ ਇਸ਼ਨਾਨ ਕੀਤਾ। ਪਰਿਕਰਮਾ ਵਿੱਚ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਯਾਦਗਾਰ ਬਣੀ ਹੋਈ ਹੈ। ਇੱਕ ਨੁੱਕਰ ਵਿੱਚ ਠੰਢੇ ਜਲ ਦੀ ਛਬੀਲ ਤੋਂ ਅਸੀਂ ਜਲ ਛਕਿਆ। ਅੱਗੇ ਚੱਲ ਕੇ ਮਾਤਾ ਜੀ ਨੇ ਕੜਾਹ–ਪ੍ਰਸ਼ਾਦ ਦੀ ਦੇਗ ਕਰਵਾਈ।

ਹੁਣ ਅਸੀਂ ਦਰਸ਼ਨੀ ਡਿਓੜ੍ਹੀ ਪਹੁੰਚ ਗਏ। ਦਰਸ਼ਨੀ ਡਿਓੜ੍ਹੀ ਤੋਂ ਸ੍ਰੀ ਹਰਿਮੰਦਰ ਸਾਹਿਬ ਤੱਕ ਇੱਕ ਲੰਮਾ ਪੁਲ਼ ਬਣਿਆ ਹੋਇਆ ਹੈ। ਸੰਗਤਾਂ ਮੱਥਾ ਟੇਕਣ ਜਾ ਰਹੀਆਂ ਸਨ। ਅਸੀਂ ਵੀ ਅੰਦਰ ਜਾ ਕੇ ਮੱਥਾ ਟੇਕਿਆ। ਕੀਰਤਨ ਹੋ ਰਿਹਾ ਸੀ। ਮਾਤਾ ਜੀ ਨੇ ਦੱਸਿਆ ਕਿ ਇੱਥੇ ਸਾਰਾ ਦਿਨ ਕੀਰਤਨ ਹੁੰਦਾ ਰਹਿੰਦਾ ਹੈ। ਮੇਰਾ ਤਾਂ ਉੱਥੋਂ ਉੱਠਣ ਨੂੰ ਜੀਅ ਨਹੀਂ ਸੀ ਕਰ ਰਿਹਾ। ਸ੍ਰੀ ਹਰਿਮੰਦਰ ਸਾਹਿਬ ਦੀਆਂ ਛੱਤਾਂ ਅਤੇ ਉੱਪਰਲਾ ਹਿੱਸਾ ਸੋਨੇ ਨਾਲ਼ ਮੜ੍ਹਿਆ ਹੋਇਆ ਹੈ। ਦਿਵਾਰਾਂ ਵਿੱਚ ਕੀਮਤੀ ਪੱਥਰ ਜੜੇ ਹੋਏ ਹਨ। ਖ਼ੂਬਸੂਰਤ ਵੇਲ–ਬੂਟੇ ਉੱਕਰੇ ਹੋਏ ਹਨ।

ਪਰਸ਼ਾਦ ਲੈ ਕੇ ਅਸੀਂ ਵਾਪਸ ਪਰਤੇ। ਸਾਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਰਸ਼ਨ ਹੁੰਦੇ ਹਨ। ਪਿਤਾ ਜੀ ਨੇ ਦੱਸਿਆ ਕਿ ਦਿਵਾਲ਼ੀ ਵਾਲ਼ੇ ਦਿਨ ਇੱਥੇ ਦ੍ਰਿਸ਼ ਵੇਖਣ ਵਾਲ਼ਾ ਹੁੰਦਾ ਹੈ। ਇਸੇ ਲਈ ਆਖਿਆ ਜਾਂਦਾ ਹੈ — "ਦਾਲ਼-ਰੋਟੀ ਘਰ ਦੀ, ਦਿਵਾਲ਼ੀ ਅੰਬਰਸਰ ਦੀ।"

ਅਸੀਂ ਉੱਥੋਂ ਦਾ ਸਿੱਖ ਅਜਾਇਬ-ਘਰ ਦੇਖਿਆ। ਫਿਰ ਅਸੀਂ ਲੰਗਰ-ਹਾਲ ਵੱਲ ਚਲੇ ਗਏ। ਉੱਥੇ ਪਰਸ਼ਾਦੇ ਬਣਾਉਣ ਵਾਲ਼ੀ ਮਸ਼ੀਨ ਦੇਖੀ ਅਤੇ ਪੰਗਤ ਵਿੱਚ ਬੈਠ ਕੇ ਲੰਗਰ ਛਕਿਆ।

ਅਸੀਂ ਕਾਫ਼ੀ ਥੱਕ ਗਏ ਸੀ। ਅਸੀਂ ਆਪਣੇ ਕਮਰੇ ਵਿੱਚ ਵਾਪਸ ਆ ਗਏ। ਪਿਤਾ ਜੀ ਕਹਿਣ ਲੱਗੇ, "ਹਰਮਨ! ਸਵੇਰੇ ਆਪਾਂ ਬਾਬਾ ਅਟੱਲ, ਜੱਲ੍ਹਿਆਂਵਾਲ਼ਾ ਬਾਗ਼ ਅਤੇ ਦੁਰਗਿਆਣਾ ਮੰਦਰ ਦੇਖਣ ਜਾਵਾਂਗੇ।"

## ਪਾਠ-ਅਭਿਆਸ



**1. ਸ਼ਬਦ-ਅਰਥ :**

| | | | |
|---|---|---|---|
| **ਦਰਸ਼ਨ** : ਜਾ ਕੇ ਵੇਖਣਾ | | **ਨਗਰ** : ਸ਼ਹਿਰ | |
| **ਸਰਾਂ** : ਮੁਸਾਫ਼ਰਾਂ ਦੇ ਰਹਿਣ ਲਈ ਥਾਂ | | **ਸਰੋਵਰ** : ਤਲਾਬ | |
| **ਪਰਿਕਰਮਾ** : ਚਾਰੇ ਪਾਸੇ ਘੁੰਮਣ ਦਾ ਰਸਤਾ | | **ਨੁੱਕਰ** : ਕੋਨਾ | |
| **ਛਬੀਲ** : ਮੁਫ਼ਤ ਪਾਣੀ ਪਿਆਉਣ ਵਾਲ਼ੀ ਥਾਂ | | **ਪਰਸ਼ਾਦੇ** : ਰੋਟੀਆਂ | |
| **ਯਾਦਗਾਰ** : ਯਾਦ ਵਿੱਚ ਬਣੀ ਹੋਈ ਥਾਂ | | | |
| **ਅਜਾਇਬ-ਘਰ** : ਪੁਰਾਣੀਆਂ ਇਤਿਹਾਸਿਕ ਚੀਜ਼ਾਂ ਨੂੰ ਰੱਖਣ ਦੀ ਥਾਂ | | | |

**2. ਮੌਖਿਕ ਪ੍ਰਸ਼ਨ :**

- **ਸ੍ਰੀ ਹਰਿਮੰਦਰ ਸਾਹਿਬ ਦਾ ਰੰਗ ਕਿਹੋ-ਜਿਹਾ ਹੈ ?**
- **ਸ੍ਰੀ ਅੰਮ੍ਰਿਤਸਰ ਸ਼ਹਿਰ ਦੀ ਨੀਂਹ ਕਿਸ ਨੇ ਰੱਖੀ ਸੀ ?**
- **ਪੰਗਤ ਵਿੱਚ ਬੈਠ ਕੇ ਉਹਨਾਂ ਨੇ ਕੀ ਛਕਿਆ ?**

## 3. ਠੀਕ ਉੱਤਰ ਅੱਗੇ ਸਹੀ (√) ਦਾ ਨਿਸ਼ਾਨ ਲਾਓ :

1. ਸ੍ਰੀ ਅੰਮ੍ਰਿਤਸਰ ਸਾਹਿਬ ਸ਼ਹਿਰ ਕਿਹੜੇ ਗੁਰੂ ਸਾਹਿਬ ਜੀ ਨੇ ਵਸਾਇਆ ਸੀ

   ਸ੍ਰੀ ਗੁਰੂ ਨਾਨਕ ਦੇਵ ਜੀ ☐

   ਸ੍ਰੀ ਗੁਰੂ ਅਰਜਨ ਦੇਵ ਜੀ ☐

   ਸ੍ਰੀ ਗੁਰੂ ਰਾਮਦਾਸ ਜੀ ☐

2. ਸ੍ਰੀ ਹਰਿਮੰਦਰ ਸਾਹਿਬ ਜੀ ਦੇ ਕਿੰਨੇ ਦਰਵਾਜ਼ੇ ਹਨ ?

   ਦੋ ☐ ਤਿੰਨ ☐ ਚਾਰ ☐

3. ਸ੍ਰੀ ਹਰਿਮੰਦਰ ਸਾਹਿਬ ਜੀ ਉੱਤੇ ਸੋਨਾ ਚੜ੍ਹਾਉਣ ਦਾ ਕੰਮ ਕਿਸ ਨੇ ਕਰਵਾਇਆ ਸੀ ?

   ਸ੍ਰੀ ਗੁਰੂ ਅਰਜਨ ਦੇਵ ਜੀ ☐ ਸ੍ਰੀ ਗੁਰੂ ਰਾਮਦਾਸ ਜੀ ☐

   ਮਹਾਰਾਜਾ ਰਣਜੀਤ ਸਿੰਘ ਜੀ ☐

4. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਪਹਿਲੀ ਵਾਰ ਕਦੋਂ ਕੀਤਾ ਗਿਆ ?

   1469 ਈਸਵੀ ☐ 1666 ਈਸਵੀ ☐

   1604 ਈਸਵੀ ☐

## 4. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਸ੍ਰੀ ਹਰਿਮੰਦਰ ਸਾਹਿਬ ਕਿਸ ਸ਼ਹਿਰ ਵਿੱਚ ਹੈ ?

(ਅ) ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਕਿਸ ਨੇ ਰੱਖੀ ਸੀ ?

(ੲ) ਸ੍ਰੀ ਹਰਿਮੰਦਰ ਸਾਹਿਬ ਦੇ ਪਹਿਲੇ ਗ੍ਰੰਥੀ ਕੌਣ ਸਨ ?

(ਸ) ਸ੍ਰੀ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ਿਆਂ ਦਾ ਕੀ ਅਰਥ ਹੈ ?

**5. ਮਿਲਾਣ ਕਰੋ :**

| | |
|---|---|
| ਸਰਾਂ | ਨਜ਼ਾਰਾ |
| ਜਲ | ਸੋਹਣਾ |
| ਛਬੀਲ | ਮੁਸਾਫ਼ਰਾਂ ਦੇ ਰਹਿਣ ਦੀ ਥਾਂ |
| ਪੰਗਤ | ਪਾਣੀ |
| ਖ਼ੂਬਸੂਰਤ | ਮੁਫ਼ਤ ਪਾਣੀ ਪਿਆਉਣ ਵਾਲ਼ੀ ਥਾਂ |
| ਦ੍ਰਿਸ਼ | ਕਤਾਰ |

**6. ਬੋਲ-ਲਿਖਤ : (ਅਧਿਆਪਕ ਪਾਠ ਵਿਚੋਂ ਵਾਕਾਂ ਦੀ ਚੋਣ ਕਰਕੇ ਬੋਲੇ ਅਤੇ ਬੱਚਿਆਂ ਨੂੰ ਲਿਖਣ ਲਈ ਕਹੇ)**

1.

2.

3.

4.

5.

ਪਾਠ 21

# ਰੰਗਾਂ ਦੀ ਖੇਡ-ਹੋਲੀ



ਰੰਗ-ਬਰੰਗੀ ਹੋਲੀ ਆਈ,
ਔਹ ਬਾਲਾਂ ਦੀ ਟੋਲੀ ਆਈ।

ਮੁੰਡੇ-ਕੁੜੀਆਂ ਰੌਲ਼ਾ ਪਾਇਆ,
ਵਾਹਵਾ ਦਿਨ ਹੋਲੀ ਦਾ ਆਇਆ।

ਰੰਗਾਂ ਦੀ ਇਹ ਖੇਡ ਨਿਆਰੀ,
ਸਾਨੂੰ ਲੱਗਦੀ ਬੜੀ ਪਿਆਰੀ।

ਰੰਗ ਗੁਲਾਲ ਮੂੰਹਾਂ 'ਤੇ ਮਲ਼ ਕੇ,
ਹੋਲੀ ਖੇਡਾਂਗੇ ਅੱਜ ਰਲ਼ ਕੇ।

ਕਿਸੇ ਦੀ ਮੁੱਠੀ ਹਰਾ, ਪਿਆਜ਼ੀ,
ਕਿਸੇ ਲਿਆਂਦਾ ਲਾਲ, ਗੁਲਾਬੀ।

ਨੀਲਾ ਰੰਗ ਘੋਲ਼ਿਆ 'ਮੀਤ',
ਰੰਗ ਫ਼ਿਰੋਜ਼ੀ ਡੋਲ੍ਹਿਆ 'ਪ੍ਰੀਤ'।

'ਲਾਡੀ' ਸ਼ੀਸ਼ੀ ਭਰ ਕੇ ਲਿਆਇਆ,
'ਕਰਮੀ' ਡੱਬੇ ਵਿੱਚ ਹੀ ਪਾਇਆ।

ਕੁੜੀਆਂ ਭੱਜ ਕੇ ਕੋਠੇ ਚੜ੍ਹੀਆਂ,
ਹੱਥ ਉਹਨਾਂ ਪਿਚਕਾਰੀਆਂ ਫੜੀਆਂ।

'ਰਾਣੋ' ਭਰ ਪਿਚਕਾਰੀ ਮਾਰੀ,
'ਦੀਪ' ਦੀ ਚੁੰਨੀ ਰੰਗ 'ਤੀ ਸਾਰੀ।

ਦੌੜ-ਦੌੜ ਰੰਗ ਡੋਲ੍ਹੀ ਜਾਵਣ,
ਹੱਸਣ, ਖੇਡਣ, ਸ਼ੋਰ ਮਚਾਵਣ।

ਸਭ ਦੇ ਕੱਪੜੇ ਗਚ-ਮਿਚ ਹੋਏ,
ਖ਼ੁਸ਼ੀ 'ਚ ਆਖਣ, "ਓਏ-ਓਏ!"

ਚਿਹਰੇ ਹੋ ਗਏ ਰੰਗ-ਬਰੰਗੇ,
ਬਾਲ ਖੇਡਦੇ ਲੱਗਣ ਚੰਗੇ।

# ਪਾਠ-ਅਭਿਆਸ

## 1. ਸ਼ਬਦ ਅਰਥ :

| | | | |
|---|---|---|---|
| ਟੋਲੀ | : ਇਕੱਠ | ਬਾਲਾਂ | : ਬੱਚਿਆਂ |
| ਸ਼ੋਰ | : ਰੌਲ਼ਾ | ਨਿਆਰੀ | : ਵੱਖਰੀ |

## 3. ਠੀਕ ਉੱਤਰ ਅੱਗੇ ਸਹੀ (√) ਦਾ ਨਿਸ਼ਾਨ ਲਾਓ :

1. ਰੰਗਾਂ ਦੀ ਖੇਡ ਕਿਹੜੀ ਹੈ ?

   ਕਬੱਡੀ ☐ ਲੁੱਡੀ ☐ ਹੋਲੀ ☐

2. ਬੱਚਿਆਂ ਨੂੰ ਹੋਲੀ ਦੀ ਖੇਡ ਕਿਸ ਤਰ੍ਹਾਂ ਦੀ ਲੱਗਦੀ ਹੈ ?

   ਔਖੀ ☐ ਪਿਆਰੀ ☐ ਭੈੜੀ ☐

3. ਕੁੜੀਆਂ ਭੱਜ ਕੇ ਕਿੱਥੇ ਚੜ੍ਹ ਗਈਆਂ ?

   ਕੋਠੇ 'ਤੇ ☐ ਦਰਖ਼ਤ 'ਤੇ ☐ ਉੱਚੀ ਥਾਂ 'ਤੇ ☐

## 3. ਹੇਠ ਲਿਖੀਆਂ ਸਤਰਾਂ ਨੂੰ ਪੂਰੀਆਂ ਕਰੋ :

(ੳ) ਮੁੰਡੇ-ਕੁੜੀਆਂ ਰੌਲ਼ਾ ਪਾਇਆ,

______________________________

______________________________

(ਅ) ਰੰਗ ਗੁਲਾਲ ਮੂੰਹਾਂ 'ਤੇ ਮਲ਼ ਕੇ,

______________________________

______________________________

(ੲ) ਚਿਹਰੇ ਹੋ ਗਏ ਰੰਗ-ਬਰੰਗੇ,

## 4. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਇਸ ਕਵਿਤਾ ਵਿੱਚ ਆਏ ਰੰਗਾਂ ਦੇ ਨਾਂ ਲਿਖੋ।

(ਅ) ਇਸ ਕਵਿਤਾ ਵਿੱਚ ਆਏ ਹੋਲੀ ਖੇਡਦੇ ਬੱਚਿਆਂ ਦੇ ਨਾਂ ਲਿਖੋ।

## 5. ਸਮਝੋ ਤੇ ਲਿਖੋ :

ਕੁੜੀ : ਕੁੜੀਆਂ

ਟੋਲੀ :

ਚੁੰਨੀ :

ਮੁੱਠੀ :

ਪਿਚਕਾਰੀ :

## 6. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਹੋਲੀ :


ਰੌਲ਼ਾ :

ਖ਼ੁਸ਼ੀ :

ਰੰਗ-ਬਰੰਗੇ :

ਕੋਠੇ :

## ਰਚਨਾਤਮਿਕ ਕਾਰਜ




ਜਮਾਤ ਵਿੱਚ ਕਵਿਤਾ ਨੂੰ ਜ਼ਬਾਨੀ ਗਾ ਕੇ ਸੁਣਾਓ।